




ਸੱਚੀ ਅਤੇ ਨਿਰਪੱਖ ਵਿਚਾਰਧਾਰਾ

CEE7NEWS

Daily Digital Edition








Reg No: AAG1353 | Ludhiana, Sunday 03 May, 2026 | website: www.cee7news.com


## ਇਰਾਨ ਵੱਲੋਂ ਜੰਗ ਖਤਮ ਕਰਨ ਲਈ ਪੇਸ਼ ਕੀਤੀ ਗਈ ਤਾਜ਼ਾ ਤਜਵੀਜ਼ ਤੋਂ ਸੰਤੁਸ਼ਟ ਨਹੀਂ



ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਸ਼ੁੱਕਰਵਾਰ ਨੂੰ ਸਪੱਸ਼ਟ ਕੀਤਾ ਹੈ ਕਿ ਉਹ ਇਰਾਨ ਵੱਲੋਂ ਜੰਗ ਖਤਮ ਕਰਨ ਲਈ ਪੇਸ਼ ਕੀਤੀ ਗਈ ਤਾਜ਼ਾ ਤਜਵੀਜ਼ ਤੋਂ ਸੰਤੁਸ਼ਟ ਨਹੀਂ ਹਨ। ਵ੍ਹਾਈਟ ਹਾਊਸ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੰਪ ਨੇ ਕਿਹਾ ਕਿ ਇਰਾਨ ਅਜਿਹੀਆਂ ਮੰਗਾਂ ਰੱਖ ਰਿਹਾ ਹੈ ਜਿਨ੍ਹਾਂ ਨੂੰ ਉਹ ਕਦੇ ਪ੍ਰਵਾਨ ਨਹੀਂ ਕਰ ਸਕਦੇ। ਉਨ੍ਹਾਂ ਦਾ ਇਹ ਬਿਆਨ ਸੰਕੇਤ ਦਿੰਦਾ ਹੈ ਕਿ ਦੋ ਮਹੀਨਿਆਂ ਤੋਂ ਜਾਰੀ ਇਸ ਖ਼ੂਨੀ ਜੰਗ ਦਾ ਹੱਲ ਫਿਲਹਾਲ ਨਿਕਲਦਾ ਨਜ਼ਰ ਨਹੀਂ ਆ ਰਿਹਾ।ਦੂਜੇ ਪਾਸੇ, ਅਮਰੀਕਾ ਦੇ ਆਪਣੇ ਪੁਰਾਣੇ ਸਹਿਯੋਗੀ ਦੇਸ਼ਾਂ ਨਾਲ ਸਬੰਧ ਵੀ ਸੁਖਾਵੇਂ ਨਹੀਂ ਰਹੇ। ਟਰੰਪ ਪ੍ਰਸ਼ਾਸਨ ਨੇ ਜਰਮਨੀ ਤੋਂ ਆਪਣੇ 5,000 ਸੈਨਿਕਾਂ ਨੂੰ ਵਾਪਸ ਬੁਲਾਉਣ ਦਾ ਅਚਨਚੇਤ ਐਲਾਨ ਕਰ ਦਿੱਤਾ ਹੈ। ਇਹ ਕਦਮ ਜਰਮਨ ਚਾਂਸਲਰ ਫ੍ਰੀਡਰਿਕ ਮਰਜ਼ ਦੀ ਉਸ ਟਿੱਪਣੀ ਤੋਂ ਬਾਅਦ ਚੁੱਕਿਆ ਗਿਆ ਹੈ, ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਅਮਰੀਕਾ ਕੋਲ ਜੰਗ ਤੋਂ ਬਾਹਰ ਨਿਕਲਣ ਦੀ ਕੋਈ ਸਪੱਸ਼ਟ ਰਣਨੀਤੀ ਨਹੀਂ ਹੈ। ਪੈਂਟਾਗਨ ਦੇ ਅਧਿਕਾਰੀਆਂ ਨੇ ਜਰਮਨ ਚਾਂਸਲਰ ਦੇ ਬਿਆਨ ਨੂੰ 'ਗੈਰ-ਜ਼ਰੂਰੀ ਅਤੇ ਅਪਮਾਨਜਨਕ' ਕਰਾਰ ਦਿੱਤਾ ਹੈ।ਇਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਕਚੀ ਨੇ ਕਿਹਾ ਕਿ ਤਹਿਰਾਨ ਕੂਟਨੀਤੀ ਲਈ ਤਿਆਰ ਹੈ, ਪਰ ਇਸ ਲਈ ਅਮਰੀਕਾ ਨੂੰ ਆਪਣਾ 'ਧਮਕੀ ਭਰਿਆ ਲਹਿਜ਼ਾ' ਬਦਲਣਾ ਹੋਵੇਗਾ। ਉਨ੍ਹਾਂ ਇਹ ਵੀ ਚਿਤਾਵਨੀ ਦਿੱਤੀ ਕਿ ਇਰਾਨ ਦੀਆਂ ਹਥਿਆਰਬੰਦ ਸੈਨਾਵਾਂ ਕਿਸੇ ਵੀ ਹਮਲੇ ਦਾ ਜਵਾਬ ਦੇਣ ਲਈ ਪੂਰੀ ਤਰ੍ਹਾਂ ਤਿਆਰ ਹਨ। ਦੱਸਣਯੋਗ ਹੈ ਕਿ 28 ਫਰਵਰੀ ਨੂੰ ਸ਼ੁਰੂ ਹੋਈ ਹਜ਼ਾਰਾਂ ਲੋਕ ਜਾਨ ਗੁਆ ਚੁੱਕੇ ਹਨ ਅਤੇ ਵਿਸ਼ਵ ਭਰ ਵਿੱਚ ਤੇਲ ਦੀਆਂ ਕੀਮਤਾਂ ਵਿੱਚ ਭਾਰੀ ਰਿਹਾ ਹੈ।

**Cee7News** ਇਸ ਪ੍ਰਣਾਲੀ ਰਾਹੀਂ ਸਕਿੰਟਾਂ ਵਿੱਚ ਕਰੋੜਾਂ ਲੋਕਾਂ ਤੱਕ ਪਹੁੰਚ ਕੀਤੀ ਜਾ ਸਕਦੀ ਹੈ

# ਭਾਰਤ ਸਰਕਾਰ ਵੱਲੋਂ ਦੇਸ਼ ਵਿਆਪੀ ਮੋਬਾਈਲ ਅਲਰਟ: ਜਾਣੋ ਇਸ ਦਾ ਮਤਲਬ ਅਤੇ ਮਹੱਤਵ

ਪਿਛਲੇ ਕੁਝ ਦਿਨਾਂ ਤੋਂ ਭਾਰਤ ਵਿੱਚ ਲੱਖਾਂ ਮੋਬਾਈਲ ਵਰਤੋਂਕਾਰਾਂ ਦੇ ਫੋਨਾਂ 'ਤੇ ਅਚਾਨਕ ਇੱਕ ਤੇਜ਼ ਸਾਇਰਨ ਵਰਗੀ ਆਵਾਜ਼ ਨਾਲ ਇੱਕ ਸੰਦੇਸ਼ ਆ ਰਿਹਾ ਹੈ। ਇਸ ਸੰਦੇਸ਼ ਵਿੱਚ ਲਿਖਿਆ ਹੁੰਦਾ ਹੈ "Emergency Alert: Severe" (ਐਮਰਜੈਂਸੀ ਅਲਰਟ: ਗੰਭੀਰ)। ਇਸ ਅਚਾਨਕ ਆਏ ਅਲਰਟ ਨੇ ਬਹੁਤ ਸਾਰੇ ਲੋਕਾਂ ਨੂੰ ਹੈਰਾਨ ਅਤੇ ਕੁਝ ਹੱਦ ਤੱਕ ਪ੍ਰੇਸ਼ਾਨ ਵੀ ਕੀਤਾ। ਪਰ ਘਬਰਾਉਣ ਦੀ ਲੋੜ ਨਹੀਂ ਹੈ; ਇਹ ਭਾਰਤ ਸਰਕਾਰ ਦੇ ਦੂਰਸੰਚਾਰ ਵਿਭਾਗ (DoT) ਅਤੇ ਰਾਸ਼ਟਰੀ ਆਫ਼ਤ ਪ੍ਰਬੰਧਨ ਅਥਾਰਟੀ (NDMA) ਵੱਲੋਂ ਕੀਤਾ ਜਾ ਰਿਹਾ ਇੱਕ ਤਕਨੀਕੀ ਟੈਸਟ ਹੈ। ਇਸ ਅਲਰਟ ਦਾ ਕੀ ਮਤਲਬ ਹੈ?ਇਹ ਅਲਰਟ 'ਸੈੱਲ ਬ੍ਰੌਡਕਾਸਟ ਅਲਰਟ ਸਿਸਟਮ' (Cell Broadcast Alert System) ਦਾ ਹਿੱਸਾ ਹੈ। ਇਸ ਦਾ ਮੁੱਖ ਮਕਸਦ ਕੁਦਰਤੀ ਆਫ਼ਤਾਂ ਜਾਂ ਕਿਸੇ ਵੀ ਵੱਡੀ ਐਮਰਜੈਂਸੀ ਦੌਰਾਨ ਦੇਸ਼ ਦੇ ਨਾਗਰਿਕਾਂ ਨੂੰ ਸਮੇਂ ਸਿਰ ਸੂਚਿਤ ਕਰਨਾ ਹੈ। ਜਦੋਂ ਇਹ ਟੈਸਟ ਸੰਦੇਸ਼ ਤੁਹਾਡੇ ਫੋਨ 'ਤੇ ਆਉਂਦਾ ਹੈ, ਤਾਂ ਇਸ ਦਾ ਸਪੱਸ਼ਟ ਮਤਲਬ ਹੈ ਕਿ ਸਰਕਾਰ ਆਪਣੀ ਨਵੀਂ ਤਕਨਾਲੋਜੀ ਦੀ ਜਾਂਚ ਕਰ ਰਹੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਮੁਸੀਬਤ ਦੇ ਸਮੇਂ ਇਹ ਪ੍ਰਣਾਲੀ ਸਹੀ ਢੰਗ ਨਾਲ ਕੰਮ ਕਰੇਗੀ। ਸੈੱਲ ਬ੍ਰੌਡਕਾਸਟ ਸਿਸਟਮ ਕੀ ਹੈ ਅਤੇ ਇਹ ਕਿਵੇਂ ਕੰਮ ਕਰਦਾ ਹੈ?ਆਮ ਤੌਰ 'ਤੇ ਜਦੋਂ ਸਾਨੂੰ ਕੋਈ SMS ਆਉਂਦਾ ਹੈ, ਤਾਂ ਉਹ ਇੱਕ ਵਿਅਕਤੀਗਤ ਨੰਬਰ 'ਤੇ ਭੇਜਿਆ ਜਾਂਦਾ ਹੈ। ਪਰ ਸੈੱਲ ਬ੍ਰੌਡਕਾਸਟ ਇੱਕ ਅਜਿਹੀ ਤਕਨੀਕ ਹੈ ਜਿਸ ਰਾਹੀਂ ਸਰਕਾਰ ਇੱਕ ਖਾਸ ਖੇਤਰ ਦੇ ਸਾਰੇ ਮੋਬਾਈਲ ਫੋਨਾਂ 'ਤੇ ਇੱਕੋ ਸਮੇਂ ਸੰਦੇਸ਼ ਭੇਜ ਸਕਦੀ ਹੈ। ਇਸ ਲਈ ਮੋਬਾਈਲ ਨੰਬਰਾਂ ਦੀ ਸੂਚੀ ਦੀ ਲੋੜ ਨਹੀਂ ਹੁੰਦੀ। ਇਹ ਮੋਬਾਈਲ ਟਾਵਰਾਂ ਰਾਹੀਂ ਸਿੱਧਾ ਫੋਨਾਂ 'ਤੇ ਸਿਗਨਲ ਭੇਜਦਾ ਹੈ। ਇਸ ਪ੍ਰਣਾਲੀ ਦੀ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਜੇਕਰ ਤੁਹਾਡਾ ਫੋਨ 'ਸਾਈਲੈਂਟ' (Silent) ਜਾਂ 'ਡੂ ਨੋਟ ਡਿਸਟਰਬ' (Do Not Disturb) ਮੋਡ 'ਤੇ ਵੀ ਹੈ, ਤਾਂ ਵੀ ਇਹ ਇੱਕ ਤੇਜ਼ ਆਵਾਜ਼ (ਸਾਇਰਨ) ਪੈਦਾ ਕਰੇਗਾ। ਇਸ ਦਾ ਉਦੇਸ਼ ਵਿਅਕਤੀ ਦਾ ਧਿਆਨ ਤੁਰੰਤ ਖਿੱਚਣਾ ਹੈ। ਇਹ ਅਲਰਟ ਕਿਉਂ ਜ਼ਰੂਰੀ ਹੈ?ਭਾਰਤ ਇੱਕ ਅਜਿਹਾ ਦੇਸ਼ ਹੈ ਜਿੱਥੇ ਹੜ੍ਹ, ਭੂਚਾਲ, ਚੱਕਰਵਾਤ ਅਤੇ ਸੁਨਾਮੀ ਵਰਗੀਆਂ ਕੁਦਰਤੀ ਆਫ਼ਤਾਂ ਅਕਸਰ ਆਉਂਦੀਆਂ ਰਹਿੰਦੀਆਂ ਹਨ। ਅਜਿਹੀਆਂ ਸਥਿਤੀਆਂ ਵਿੱਚ, ਜਾਨ-ਮਾਲ ਦੇ ਨੁਕਸਾਨ ਨੂੰ ਘੱਟ ਕਰਨ ਲਈ ਸਭ ਤੋਂ ਮਹੱਤਵਪੂਰਨ ਚੀਜ਼ "ਸਹੀ ਸਮੇਂ 'ਤੇ ਜਾਣਕਾਰੀ" ਹੈ।ਤੁਰੰਤ ਸੂਚਨਾ: ਇਸ ਪ੍ਰਣਾਲੀ ਰਾਹੀਂ ਸਕਿੰਟਾਂ ਵਿੱਚ ਕਰੋੜਾਂ ਲੋਕਾਂ ਤੱਕ ਪਹੁੰਚ ਕੀਤੀ ਜਾ ਸਕਦੀ ਹੈ। ਇੰਟਰਨੈੱਟ ਦੀ ਲੋੜ ਨਹੀਂ: ਇਸ ਅਲਰਟ ਲਈ ਮੋਬਾਈਲ ਡਾਟਾ



ਜਾਂ ਇੰਟਰਨੈੱਟ ਦੀ ਲੋੜ ਨਹੀਂ ਹੁੰਦੀ। ਇਹ ਸਿੱਧਾ ਨੈੱਟਵਰਕ ਸਿਗਨਲ ਰਾਹੀਂ ਕੰਮ ਕਰਦਾ ਹੈ।ਸਥਾਨਕ ਭਾਸ਼ਾ ਵਿੱਚ: ਸਰਕਾਰ ਇਸ ਨੂੰ ਵੱਖ-ਵੱਖ ਖੇਤਰੀ ਭਾਸ਼ਾਵਾਂ ਵਿੱਚ ਭੇਜਣ ਦੀ ਯੋਜਨਾ ਬਣਾ ਰਹੀ ਹੈ ਤਾਂ ਜੋ ਹਰ ਕੋਈ ਇਸ ਨੂੰ ਸਮਝ ਸਕੇ।ਕੀ ਤੁਹਾਨੂੰ ਕੁਝ ਕਰਨ ਦੀ ਲੋੜ ਹੈ?ਨਹੀਂ, ਜਦੋਂ ਤੱਕ ਸੰਦੇਸ਼ ਵਿੱਚ ਸਪੱਸ਼ਟ ਤੌਰ 'ਤੇ ਇਹ ਨਾ ਲਿਖਿਆ ਹੋਵੇ ਕਿ ਇਹ ਇੱਕ "ਟੈਸਟ" (Sample Testing Message) ਹੈ, ਉਦੋਂ ਤੱਕ ਤੁਹਾਨੂੰ ਕੋਈ ਕਾਰਵਾਈ ਕਰਨ ਦੀ ਲੋੜ ਨਹੀਂ ਹੈ। ਤੁਹਾਨੂੰ ਸਿਰਫ਼ 'OK' ਬਟਨ ਦਬਾ ਕੇ ਉਸ ਨੋਟੀਫਿਕੇਸ਼ਨ ਨੂੰ ਬੰਦ ਕਰਨਾ ਹੁੰਦਾ ਹੈ। ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਲੋਕਾਂ ਨੂੰ ਘਬਰਾਉਣ ਦੀ ਲੋੜ ਨਹੀਂ ਹੈ ਕਿਉਂਕਿ ਇਹ ਸਿਰਫ਼ ਸਿਸਟਮ ਦੀ ਕਾਰਜਕੁਸ਼ਲਤਾ ਨੂੰ ਪਰਖਣ ਲਈ ਕੀਤਾ ਜਾ ਰਿਹਾ ਹੈ। ਵਿਦੇਸ਼ਾਂ ਵਿੱਚ ਇਸ ਦੀ ਵਰਤੋਂ ਦੁਨੀਆ ਦੇ ਕਈ ਵਿਕਸਤ ਦੇਸ਼ਾਂ ਜਿਵੇਂ ਕਿ ਅਮਰੀਕਾ, ਕੈਨੇਡਾ, ਜਾਪਾਨ ਅਤੇ ਯੂਰਪੀ ਦੇਸ਼ਾਂ ਵਿੱਚ ਇਹ ਪ੍ਰਣਾਲੀ ਪਹਿਲਾਂ ਹੀ ਲਾਗੂ ਹੈ। ਜਾਪਾਨ ਵਿੱਚ, ਭੂਚਾਲ ਆਉਣ ਤੋਂ ਕੁਝ ਸੈਕਿੰਡ ਪਹਿਲਾਂ ਹੀ ਲੋਕਾਂ ਦੇ ਫੋਨਾਂ 'ਤੇ ਅਜਿਹੇ ਅਲਰਟ ਆ ਜਾਂਦੇ ਹਨ, ਜਿਸ ਨਾਲ ਹਜ਼ਾਰਾਂ ਜਾਨਾਂ ਬਚਾਈਆਂ ਜਾਂਦੀਆਂ ਹਨ। ਭਾਰਤ ਵੀ ਹੁਣ ਉਸੇ ਦਿਸ਼ਾ ਵਿੱਚ ਕਦਮ ਵਧਾ ਰਿਹਾ ਹੈ।ਸੁਰੱਖਿਆ ਅਤੇ ਨਿੱਜਤਾ (Privacy)

ਕੁਝ ਲੋਕਾਂ ਨੂੰ ਇਹ ਡਰ ਹੋ ਸਕਦਾ ਹੈ ਕਿ ਸਰਕਾਰ ਉਨ੍ਹਾਂ ਦੇ ਫੋਨ ਨੂੰ ਕੰਟਰੋਲ ਕਰ ਰਹੀ ਹੈ। ਪਰ ਮਾਹਿਰਾਂ ਅਨੁਸਾਰ, ਇਸ ਵਿੱਚ ਨਿੱਜਤਾ ਦਾ ਕੋਈ ਖਤਰਾ ਨਹੀਂ ਹੈ। ਇਹ ਸਿਸਟਮ ਤੁਹਾਡੇ ਫੋਨ ਦੇ ਡਾਟੇ ਨੂੰ ਨਹੀਂ ਪੜ੍ਹਦਾ,

## ਮਨੁੱਖੀ ਇਰਾਦੇ ਦੀ ਮਿਸਾਲ ਬਣੀ ਸਾਰਾ ਮੋਇਨ



ਮਨੁੱਖੀ ਇਰਾਦੇ ਦੀ ਮਿਸਾਲ ਬਣੀ ਸਾਰਾ ਮੋਇਨ ਨੇ ਆਈ.ਐੱਸ.ਸੀ. ਜਮਾਤ 12ਵੀਂ ਦੇ ਇਮਤਿਹਾਨ ਵਿਚ 98.75 ਫ਼ੀ ਸਦੀ ਅੰਕ ਹਾਸਲ ਕਰ ਕੇ ਸੱਭ ਨੂੰ ਹੈਰਾਨ ਕਰ ਦਿਤਾ ਹੈ। 19 ਸਾਲ ਦੀ ਸਾਰਾ, ਜੋ ਵੇਖਣ ਅਤੇ ਸੁਣਨ ਦੀ ਅਸਮਰਥਾ ਨਾਲ ਜੂਝ ਰਹੀ ਹੈ ਅਤੇ ਸਾਰਕੋਇਡੋਸਿਸ ਵਰਗੀ ਦੁਲਭ ਬਿਮਾਰੀ ਨਾਲ ਪੀੜਤ ਹੈ, ਅਪਣੇ ਸਕੂਲ 'ਚ ਸਿਖਰਲੇ ਪ੍ਰਦਰਸ਼ਨ ਕਰਨ ਵਾਲਿਆਂ ਵਿਚ ਸ਼ਾਮਲ ਹੋਈ।ਉਸ ਨੇ ਭੂਗੋਲ ਅਤੇ ਮਾਸ ਮੀਡੀਆ ਐਂਡ ਕਮਿਊਨੀਕੇਸ਼ਨ 'ਚ 100 ਅੰਕ, ਅੰਗਰੇਜ਼ੀ ਵਿਚ 98, ਇਤਿਹਾਸ ਵਿਚ 97 ਅਤੇ ਮਨੋਵਿਗਿਆਨ ਵਿਚ 96 ਅੰਕ ਪ੍ਰਾਪਤ ਕੀਤੇ। ਸਾਰਾ ਦੀ ਸਫ਼ਲਤਾ 'ਤੇ ਉਸ ਦੇ ਪਿਤਾ ਮੋਇਨ ਅਹਿਮਦ ਇਦਰੀਸੀ ਨੇ ਕਿਹਾ, ''ਉਹ ਆਈ.ਏ.ਐੱਸ. ਅਧਿਕਾਰੀ ਬਣਨਾ ਚਾਹੁੰਦੀ ਹੈ ਅਤੇ ਵਿਸ਼ੇਸ਼ ਤੌਰ 'ਤੇ ਅਪਾਹਜ ਬੱਚਿਆਂ ਲਈ ਕੰਮ ਕਰਨਾ ਚਾਹੁੰਦੀ ਹੈ।

**ਪੈਟਰੋਲ ਦੀ ਨਵੀਂ ਕੀਮਤ 399.86 ਰੁਪਏ ਪ੍ਰਤੀ ਲੀਟਰ ਹੋ ਗਈ**

# ਪਾਕਿਸਤਾਨ ਵਿੱਚ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਕੀਤੇ ਗਏ ਤਾਜ਼ਾ ਵਾਧੇ



ਪਾਕਿਸਤਾਨ ਵਿੱਚ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਕੀਤੇ ਗਏ ਤਾਜ਼ਾ ਵਾਧੇ ਨੇ ਆਮ ਜਨਤਾ ਦੀਆਂ ਮੁਸ਼ਕਲਾਂ ਨੂੰ ਹੋਰ ਵਧਾ ਦਿੱਤਾ ਹੈ। 1 ਮਈ 2026 ਤੋਂ ਲਾਗੂ ਹੋਈਆਂ ਨਵੀਆਂ ਕੀਮਤਾਂ ਅਨੁਸਾਰ, ਪਾਕਿਸਤਾਨ ਵਿੱਚ ਤੇਲ ਦੀਆਂ ਕੀਮਤਾਂ ਹੁਣ 400 ਰੁਪਏ ਪ੍ਰਤੀ ਲੀਟਰ ਦੇ ਬੇਹੱਦ ਕਰੀਬ ਪਹੁੰਚ ਗਈਆਂ ਹਨ। ਪਾਕਿਸਤਾਨੀ ਸਰਕਾਰ ਨੇ ਪੈਟਰੋਲ ਦੀ ਕੀਮਤ ਵਿੱਚ 6.51 ਰੁਪਏ ਅਤੇ ਹਾਈ-ਸਪੀਡ ਡੀਜ਼ਲ (HSD) ਦੀ ਕੀਮਤ ਵਿੱਚ 19.39 ਰੁਪਏ ਪ੍ਰਤੀ ਲੀਟਰ ਦਾ ਵਾਧਾ ਕੀਤਾ ਹੈ। ਨਵੀਆਂ ਕੀਮਤਾਂ ਦਾ ਵੇਰਵਾ ਇਸ ਵਾਧੇ ਤੋਂ ਬਾਅਦ, ਪੈਟਰੋਲ ਦੀ ਨਵੀਂ ਕੀਮਤ 399.86 ਰੁਪਏ ਪ੍ਰਤੀ ਲੀਟਰ ਹੋ ਗਈ ਹੈ, ਜੋ ਕਿ ਪਹਿਲਾਂ 393.35 ਰੁਪਏ ਸੀ। ਇਸੇ ਤਰ੍ਹਾਂ, ਡੀਜ਼ਲ ਦੀ ਕੀਮਤ 399.58 ਰੁਪਏ ਪ੍ਰਤੀ ਲੀਟਰ 'ਤੇ ਪਹੁੰਚ ਗਈ ਹੈ, ਜੋ ਕਿ ਪਹਿਲਾਂ 380.19 ਰੁਪਏ ਸੀ। ਹਾਲਾਂਕਿ ਸਰਕਾਰੀ ਤੌਰ 'ਤੇ ਇਹ ਕੀਮਤਾਂ 400 ਰੁਪਏ ਤੋਂ ਮਾਮੂਲੀ ਘੱਟ ਹਨ, ਪਰ ਪੈਟਰੋਲ ਪੰਪਾਂ 'ਤੇ ਡੀਲਰ ਮਾਰਜਿਨ ਅਤੇ ਹੋਰ ਖਰਚਿਆਂ ਕਾਰਨ ਆਮ ਖਪਤਕਾਰਾਂ ਲਈ ਇਹ ਕੀਮਤ 400 ਰੁਪਏ ਨੂੰ ਪਾਰ ਕਰ ਚੁੱਕੀ ਹੈ। ਕੀਮਤਾਂ ਵਧਣ ਦੇ ਮੁੱਖ ਕਾਰਨ ਗਲੋਬਲ ਤੇਲ ਸੰਕਟ: ਮੱਧ ਪੂਰਬ (Middle East) ਵਿੱਚ ਚੱਲ ਰਹੀ ਜੰਗ, ਖਾਸ ਕਰਕੇ ਇਜ਼ਰਾਈਲ-ਈਰਾਨ ਤਣਾਅ ਕਾਰਨ ਕੌਮਾਂਤਰੀ ਬਾਜ਼ਾਰ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਭਾਰੀ ਉਛਾਲ ਆਇਆ ਹੈ। 'ਸਟ੍ਰੇਟ ਆਫ ਹਾਰਮੁਜ਼' (Strait of Hormuz) ਦੇ ਬੰਦ ਹੋਣ ਦੇ ਖਦਸ਼ੇ ਕਾਰਨ ਤੇਲ ਦੀ ਸਪਲਾਈ ਪ੍ਰਭਾਵਿਤ ਹੋਈ ਹੈ।

IMF ਦੀਆਂ ਸ਼ਰਤਾਂ: ਅੰਤਰਰਾਸ਼ਟਰੀ ਮੁਦਰਾ ਕੋਸ਼ (IMF) ਨਾਲ ਕੀਤੇ ਗਏ ਸਮਝੌਤੇ ਤਹਿਤ ਪਾਕਿਸਤਾਨ ਸਰਕਾਰ 'ਤੇ ਪੈਟਰੋਲੀਅਮ ਲੇਵੀ etroleum Levy) ਰਾਹੀਂ ਮਾਲੀਆ ਇਕੱਠਾ ਕਰਨ ਦਾ ਦਬਾਅ ਹੈ। ਸਰਕਾਰ ਨੇ ਚਾਲੂ ਵਿੱਤੀ ਸਾਲ ਲਈ 1.47 ਲੱਖ ਕਰੋੜ ਰੁਪਏ ਦਾ ਟੀਚਾ ਮਿਥਿਆ ਹੈ।ਟੈਕਸਾਂ ਦਾ ਬੋਝ: ਇਕ ਰਿਪੋਰਟ ਅਨੁਸਾਰ, ਪਾਕਿਸਤਾਨ ਵਿੱਚ ਪੈਟਰੋਲ ਦੀ ਕੀਮਤ ਦਾ ਲਗਭਗ 32% ਹਿੱਸਾ (ਲਗਭਗ 130 ਰੁਪਏ) ਸਿਰਫ ਟੈਕਸਾਂ ਅਤੇ ਲੇਵੀ ਦਾ ਹੈ।ਆਮ ਜਨਤਾ ਅਤੇ ਆਰਥਿਕਤਾ 'ਤੇ ਪ੍ਰਭਾਵ ਡੀਜ਼ਲ ਦੀਆਂ ਕੀਮਤਾਂ ਵਿੱਚ 19 ਰੁਪਏ ਤੋਂ ਵੱਧ ਦਾ ਵਾਧਾ ਦੇਸ਼ ਵਿੱਚ ਮਹਿੰਗਾਈ ਦੀ ਇਕ ਨਵੀਂ ਲਹਿਰ ਲੈ ਕੇ ਆਵੇਗਾ। ਡੀਜ਼ਲ ਦੀ ਵਰਤੋਂ ਮੁੱਖ ਤੌਰ 'ਤੇ ਮਾਲ ਢੋਆ-ਢੁਆਈ (Freight Transport), ਬੱਸਾਂ ਅਤੇ ਖੇਤੀਬਾੜੀ ਵਿੱਚ ਕੀਤੀ ਜਾਂਦੀ ਹੈ। ਇਸ ਨਾਲ ਸਬਜ਼ੀਆਂ, ਫਲ ਅਤੇ ਹੋਰ ਰੋਜ਼ਾਨਾ ਵਰਤੋਂ ਦੀਆਂ ਵਸਤੂਆਂ ਦੀਆਂ ਕੀਮਤਾਂ ਵਧਣੀਆਂ ਤੈਅ ਹਨ। ਪਾਕਿਸਤਾਨ ਦੇ ਪੈਟਰੋਲੀਅਮ ਮੰਤਰੀ ਅਲੀ ਪਰਵੇਜ਼ ਮਲਿਕ ਨੇ ਇਕ ਇੰਟਰਵਿਊ ਦੌਰਾਨ ਮੰਨਿਆ ਕਿ ਦੇਸ਼ ਕੋਲ ਤੇਲ ਦੇ ਰਣਨੀਤਕ ਭੰਡਾਰ (Strategic Reserves) ਬਹੁਤ ਘੱਟ ਹਨ। ਉਨ੍ਹਾਂ ਭਾਰਤ ਦੀ ਮਿਸਾਲ ਦਿੰਦਿਆਂ ਕਿਹਾ ਕਿ ਭਾਰਤ ਕੋਲ 60-70 ਦਿਨਾਂ ਦਾ ਭੰਡਾਰ ਹੈ, ਜਦਕਿ ਪਾਕਿਸਤਾਨ ਕੋਲ ਸਿਰਫ ਕੁਝ ਦਿਨਾਂ ਦਾ ਹੀ ਕੱਚਾ ਤੇਲ ਬਚਿਆ ਹੈ। ਸਬਸਿਡੀ ਅਤੇ ਸਰਕਾਰੀ ਕਦਮ ਵਧਦੀਆਂ ਕੀਮਤਾਂ ਦੇ ਵਿਚਕਾਰ, ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਮੋਟਰਸਾਈਕਲ ਸਵਾਰਾਂ ਅਤੇ ਗਰੀਬ ਵਰਗ ਲਈ ਤੇਲ ਸਬਸਿਡੀ ਸਕੀਮ ਨੂੰ ਇਕ ਮਹੀਨੇ ਲਈ ਵਧਾ ਦਿੱਤਾ ਹੈ। ਇਸ ਸਕੀਮ ਤਹਿਤ ਯੋਗ ਵਿਅਕਤੀਆਂ ਨੂੰ ਪ੍ਰਤੀ ਲੀਟਰ 100 ਰੁਪਏ ਦੀ ਸਬਸਿਡੀ ਦਿੱਤੀ ਜਾ ਰਹੀ ਹੈ। ਹਾਲਾਂਕਿ, ਆਰਥਿਕ ਮਾਹਿਰਾਂ ਦਾ ਮੰਨਣਾ ਹੈ ਕਿ ਅਜਿਹੀਆਂ ਸਬਸਿਡੀਆਂ ਅਰਥਵਿਵਸਥਾ 'ਤੇ ਹੋਰ ਬੋਝ ਪਾਉਂਦੀਆਂ ਹਨ।

## ਮੌਤ ਦੀਆਂ ਝੂਠੀਆਂ ਅਫ਼ਵਾਹਾਂ ਫੈਲਾਉਣ ਵਾਲਿਆਂ ਖ਼ਿਲਾਫ਼ ਸਖ਼ਤ ਰੁਖ਼ ਅਖਤਿਆਰ



ਗੁਰਦਾਸਪੁਰ ਤੋਂ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ।

ਗੁਰਦਾਸਪੁਰ ਤੋਂ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਸੋਸ਼ਲ ਮੀਡੀਆ 'ਤੇ ਆਪਣੀ ਮੌਤ ਦੀਆਂ ਝੂਠੀਆਂ ਅਫ਼ਵਾਹਾਂ ਫੈਲਾਉਣ ਵਾਲਿਆਂ ਖ਼ਿਲਾਫ਼ ਸਖ਼ਤ ਰੁਖ਼ ਅਖਤਿਆਰ ਕਰਦਿਆਂ ਪੰਜਾਬ ਪੁਲਿਸ ਦੇ ਸਾਈਬਰ ਕਰਾਈਮ ਵਿੰਗ ਕੋਲ ਰਸਮੀ ਸ਼ਿਕਾਇਤ ਦਰਜ ਕਰਵਾਈ ਹੈ। ਇਹ ਘਟਨਾ 1 ਮਈ 2026 ਨੂੰ ਵਾਪਰੀ, ਜਦੋਂ ਇੰਟਰਨੈੱਟ 'ਤੇ ਇੱਕ ਗੁੰਮਰਾਹਕੁੰਨ ਪੋਸਟ ਤੇਜ਼ੀ ਨਾਲ ਵਾਇਰਲ ਹੋ ਗਈ, ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਰੰਧਾਵਾ ਦੀ ਇੱਕ ਹਾਦਸੇ ਵਿੱਚ ਮੌਤ ਹੋ ਗਈ ਹੈ। ਮੁੱਖ ਵੇਰਵੇ: ਝੂਠਾ ਪ੍ਰਚਾਰ ਅਤੇ ਫਰਜ਼ੀ ਪਛਾਣ: ਸੁਖਜਿੰਦਰ ਰੰਧਾਵਾ ਨੇ ਆਪਣੀ ਸ਼ਿਕਾਇਤ ਵਿੱਚ ਦੱਸਿਆ ਕਿ ਸ਼ਰਾਰਤੀ ਅਨਸਰਾਂ ਨੇ 'ਰੋਜ਼ਾਨਾ ਸਪੋਕਸਮੈਨ' (Rozana Spokesman) ਅਖ਼ਬਾਰ ਦੇ ਨਾਮ ਅਤੇ ਲੋਗੋ ਦੀ ਦੁਰਵਰਤੋਂ ਕਰਕੇ ਇਸ ਖ਼ਬਰ ਨੂੰ ਹੋ ਗਿਆ। ਬਹੁਤ ਸਾਰੇ ਲੋਕਾਂ ਨੇ ਘਬਰਾਹਟ ਵਿੱਚ ਉਨ੍ਹਾਂ ਦੇ ਪਰਿਵਾਰ ਨਾਲ ਸੰਪਰਕ ਕਰਨਾ ਸ਼ੁਰੂ ਕਰ ਦਿੱਤਾ, ਜਿਸ ਕਾਰਨ ਪਰਿਵਾਰ ਨੂੰ ਮਾਨਸਿਕ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਸਾਈਬਰ ਸੈੱਲ ਤੋਂ ਕਾਰਵਾਈ ਦੀ ਮੰਗ: ਮੋਹਾਲੀ ਸਥਿਤ ਸਟੇਟ ਸਾਈਬਰ ਕਰਾਈਮ ਸੈੱਲ ਦੇ ਵਧੀਕ ਡਾਇਰੈਕਟਰ ਜਨਰਲ ਆਫ ਪੁਲਿਸ (ADGP) ਨੂੰ ਦਿੱਤੀ ਸ਼ਿਕਾਇਤ ਵਿੱਚ ਰੰਧਾਵਾ ਨੇ ਮੰਗ ਕੀਤੀ ਹੈ ਕਿ ਇਸ ਪੋਸਟ ਦੇ ਅਸਲ ਸਰੋਤ (Original Source) ਦਾ ਪਤਾ ਲਗਾਇਆ ਜਾਵੇ। ਉਨ੍ਹਾਂ ਨੇ ਦੋਸ਼ੀਆਂ ਦੀ ਪਛਾਣ ਕਰਕੇ ਉਨ੍ਹਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕਰਨ ਅਤੇ ਸੋਸ਼ਲ ਮੀਡੀਆ ਪਲੇਟਫਾਰਮਾਂ ਤੋਂ ਅਜਿਹੀਆਂ ਪੋਸਟਾਂ ਨੂੰ ਤੁਰੰਤ ਹਟਾਉਣ ਜਾਂ ਬਲਾਕ ਕਰਨ ਦੇ ਨਿਰਦੇਸ਼ ਦੇਣ ਦੀ ਅਪੀਲ ਕੀਤੀ ਹੈ।ਰੰਧਾਵਾ ਦਾ ਬਿਆਨ: ਸੁਖਜਿੰਦਰ

# ਸਵੇਰ ਸੁਨੇਹਾ



ਕੱਲ੍ਹ ਮਜ਼ਦੂਰ ਦਿਵਸ ਸਾਰੀ ਦੁਨੀਆਂ ਵਿੱਚ ਮਨਾਇਆ ਗਿਆ। ਦਿਹਾੜੀਦਾਰਾਂ ਨੇ ਦਿਹਾੜੀ, ਮਿਹਨਤ ਮਜ਼ਦੂਰੀ ਕਰਕੇ ਹੀ ਆਪਣੇ ਘਰ ਦਾ ਚੁੱਲ੍ਹਾ ਤਪਾਇਆ। ਸਰਕਾਰੀ ਸਕੂਲਾਂ, ਦਫ਼ਤਰਾਂ ਵਿੱਚ ਮੁਲਾਜ਼ਮਾਂ ਨੇ ਛੁੱਟੀ ਦਾ ਅਨੰਦ ਮਾਣਿਆ।ਪੰਜਾਬ ਸਰਕਾਰ ਨੇ ਲੱਖਾਂ ਰੁਪਏ ਖਰਚ ਕਰਕੇ ਵਿਧਾਨ ਸਭਾ ਦਾ ਸੈਸ਼ਨ ਵੀ ਸੱਦਿਆ। ਕੀ ਹੋਇਆ ਕੀ ਨਿੱਕਲਿਆ ਮਜ਼ਦੂਰ ਵਾਸਤੇ ?

ਮਜ਼ਦੂਰ ਜਮਾਤ ਪਿਛਲੇ ਚਾਰ ਸਾਲਾਂ ਤੋਂ ਸਰਕਾਰ ਨੂੰ ਮੀਟਿੰਗ ਲਈ ਸਮਾਂ ਮੰਗ ਰਹੀ ਹੈ।

ਪ੍ਰੰਤੂ ਉਨ੍ਹਾਂ ਦੇ ਨਾਂਅ ਥੱਲੇ ਸਿਆਸੀ ਰੋਟੀਆਂ ਸੇਕ ਰਹੀ ਹੈ।

ਗੁਰਮੀਤ ਸਿੰਘ ਸਿੱਧੂ ਫਰੀਦਕੋਟ।

81465 93089

# ਕੱਲ ਗੁਰੂ ਰਾਮਦਾਸ ਦੇ ਘਰ ਗਈ ਤੇ ਇੱਕੋ ਸਵਾਲ ਮਨ




ਕੱਲ ਗੁਰੂ ਰਾਮਦਾਸ ਦੇ ਘਰ ਗਈ ਤੇ ਇੱਕੋ ਸਵਾਲ ਮਨ ਵਿਚ ਆਵੈ ਕਿ ਤੂੰ ਵਾਰ ਵਾਰ ਮੈਨੂੰ ਜੀਅ ਦੇ ਕੇ ਕਿਉਂ ਖੋਹ ਲੈਂਦਾ

ਫਿਰ ਮੈਂ ਪੁੱਛਿਆ ਹੈ,,,ਅਕਾਲ ਤਖ਼ਤ ਸਾਹਿਬ ਵਾਲਿਆਂ ਲੋਕ ਕਹਿੰਦੇ ਤੈਨੂੰ ਧੀ ਦੀ ਰੀਝ ਪਰ ਤੈਨੂੰ ਧੀ ਮਿਲਣੀ ਨਹੀਂ,,, ਤੂੰ ਦੱਸ ਲੋਕ ਕੋਣ ਹੁੰਦੇ ਇਹ ਕਹਿਣ ਵਾਲੇ ਇਹ ਫ਼ੈਸਲਾ ਤਾਂ ਤੇਰੇ ਹੱਥ ਵਿਚ ਹੁੰਦਾ ਹੈ ਕਿ ਤੂੰ ਕਿਸਨੂੰ ਕੀ ਦੇਣਾ

ਸ਼ਾਮ ਨੂੰ ਕਿਸੇ ਵੀਰ ਭਰਾ ਨੇ AI ਨਾਲ ਫੋਟੋ ਬਣਾਉਣੀ ਸਿਖਾ ਦਿੱਤੀ

ਫਿਰ ਮੈਂ ਇਹ ਫੋਟੋ ਬਣਾਈ ਤੇ ਇੰਜ ਮਹਿਸੂਸ ਹੋਇਆ ਕੇ ਅਕਾਲ ਤਖ਼ਤ ਸਾਹਿਬ ਵਾਲੇ ਨੇ ਮੇਰੀ ਸੁਣ ਲਈ

ਤੁਸੀਂ ਦੱਸੋ ਮੇਰਾ ਪਰਿਵਾਰ ਕਿਵੇਂ ਦਾ ਲੱਗ ਰਿਹਾ

ਰੱਬਾਂ ਇਹ ਪਰਿਵਾਰ ਹੱਸਦਾ ਖੇਡਦਾ ਵੱਸਦਾ ਰੱਖੀ

ਰਮਨ

## ਰਾਤੀਂ ਡਰ ਕੇ ਤ੍ਰਬਕ ਕੇ ਉੱਠਿਆ, ਕਲਮਾ ਪੜ੍ਹਿਆ। ਪੈਰੀਂ ਸੁਪਨੇ ਪਹਿਨ ਕੇ ਚੱਲਿਆ, ਕਲਮਾ ਪੜ੍ਹਿਆ ।



ਰਾਤੀਂ ਡਰ ਕੇ ਤ੍ਰਬਕ ਕੇ ਉੱਠਿਆ, ਕਲਮਾ ਪੜ੍ਹਿਆ।
ਪੈਰੀਂ ਸੁਪਨੇ ਪਹਿਨ ਕੇ ਚੱਲਿਆ, ਕਲਮਾ ਪੜ੍ਹਿਆ ।

ਉਹਦਾ ਚਿਹਰਾ ਪੜ੍ਹਦਿਆਂ ਉਮਰ ਗੁਆਈ ਮੈਂ ਤਾਂ ,
ਲੋਕਾਂ ਮੈਨੂੰ ਘੇਰ ਕੇ ਪੁੱਛਿਆ, ਕਲਮਾ ਪੜ੍ਹਿਆ ?

ਆਪਣੇ ਆਪ ਤੇ ਹੁਣ ਵੀ ਉਨੂੰ ਯਕੀਨ ਨ ਕੋਈ
ਬਾਜ਼ੀ ਜਿੱਤ ਕੇ ਕਹੇਗਾ "ਵੇਖਿਆ ! ਕਲਮਾ ਪੜ੍ਹਿਆ ।"

ਹਰਮੀਤ ਵਿਦਿਆਰਥੀ

# ਊਂ ਨੱਕ ਰਹਿੰਦਾ ਨਹੀਂ ਪਰ ਮਰਨ ਤੋਂ ਬਾਅਦ ਲੱਭਦਾ ਈ ਨਹੀਂ



ਰਿਸ਼ਤੇਦਾਰੀ ਵਿੱਚੋਂ ਤੇ ਜਾਂ ਫਿਰ ਘਰ ਦੇ ਵਿੱਚੋਂ ਕਿਸੇ ਦੀ ਵੀ ਮੌਤ ਹੁੰਦੀ ਆ ਤਾਂ ਜਦੋਂ ਅਸੀਂ ਫੁੱਲ ਚੁਗਣ ਜਾਦੇ ਆਂ ਤਾਂ ਉਸ ਫੁੱਲਾਂ ਦੇ ਵਿੱਚ ਕਦੇ ਆਪਾਂ ਦੇਖਦੇ ਭਾਈ ਆਪਦੇ ਗੋਡੇ ਦੀ ਹੱਡੀ ਆ ਕਦੇ ਸਿਰ ਦੀ ਹੱਡੀ ਆ। ਅਸੀਂ ਗੱਲਾਂ ਕਰਦੇ ਆਂ ਆਮ ਤੌਰ ਦੇ ਉੱਤੇ ਮੈਂ ਵੀ ਕਈ ਵਾਰ ਗਿਆ ਆਪਣੇ ਪਿਆਰਿਆਂ ਦੇ ਲਈ ਵੀ ਆਪਾਂ ਕਹਿੰਦੇ ਜੀ ਕਿ ਆਹ ਦੇਖੋ ਜੀ ਇਹਦੇ ਸਰੀਰ ਦੀ ਹੱਡੀ ਆਹ ਬੜੀ ਮਜਬੂਤ ਸੀ ਯਾਰ ਆਹ ਇਵੇਂ ਸੀ ਪਰ ਮੈਨੂੰ ਕਦੇ ਵੀ ਉਹਨਾਂ ਹੱਡੀਆਂ ਦੀ ਮੁੱਠ ਦੇ ਵਿੱਚੋਂ ਉਸ ਰਾਖ ਦੀ ਢੇਰੀ ਦੇ ਵਿੱਚੋਂ ਨੱਕ ਦੀ ਹੱਡੀ ਨਹੀਂ ਲੱਭੀ ਮੈਨੂੰ ਕਦੇ ਨਹੀਂ ਨੱਕ ਲੱਭਿਆ ਜਾਂ ਕਿਸੇ ਨੇ ਕਦੇ ਕਿਹਾ ਹੋਵੇ ਆਹ ਦੇਖੋ ਇਹਦਾ ਨੱਕ ਕਿਵੇਂ ਸੀ ਇਹਦਾ ਨੱਕ ਦੇਖੋ ਕਿੰਨਾ ਮੋਟਾ ਸੀ ਇਹਦਾ ਨੱਕ ਕਿੰਨਾ ਉੱਚਾ ਸੀ ਇਹਦਾ ਨੱਕ ਬਹੁਤ ਜ਼ਬਰਦਸਤ ਸੀ ਨੱਕ ਦਾ ਪਤਾ ਹੀ ਨਹੀਂ ਲੱਗਦਾ ਵੀ ਭਾਈ ਉਹ ਇਧਰਲੇ ਪਾਸੇ ਰੁੜ ਗਿਆ ਜਾਂ ਨੱਕ ਵਿੱਚ ਹੀ ਸੜ ਜਾਂਦਾ ਤੇ ਜਦੋਂ ਨੱਕ ਲੱਭਦਾ ਸਵਾਹ ਦੇ ਵਿੱਚੋਂ ਵੀ ਨਹੀਂ ਤਾਂ ਫਿਰ ਇਸ ਨੱਕ ਦੇ ਚੱਕਰ ਵਿੱਚ ਪਿੱਟਣੇ ਕਿਹੜੀਆਂ ਗੱਲਾਂ ਦੇ ਪਵਾਏ ਆ? ਜਿੰਦਗੀ ਦੇ ਵਿੱਚ।

ਦੋਸਤੋ ਇਹ ਸਾਰੀ ਲਿਖਤ ਸਵਰਨ ਸਿੰਘ ਟਹਿਣਾ ਜੀ ਦੀ ਹੈ ਜੋ ਅਕਸਰ ਹੀ ਓਹ ਫੇਸਬੁੱਕ ਯੂ ਟਿਊਬ ਤੇ ਪਾਉਂਦੇ ਰਹਿੰਦੇ ਹਨ ਅਤੇ ਬਿਲਕੁੱਲ ਸਚਾਈ ਭਰਪੂਰ ਓਨਾਂ ਦੀਆਂ ਗੱਲਾਂ ਹੁੰਦੀਆਂ ਹਨ ਓਹ ਹਮੇਸ਼ਾ ਸੱਚੀ ਸੁੱਚੀ ਪੱਤਰਕਾਰਤਾ ਦੇ ਮੁਦੱਈ ਹਨ।

ਜਦੋਂ ਇਹ ਸਵਾਹ ਦੀ ਢੇਰੀ ਦੇ ਵਿੱਚੋਂ ਵੀ ਨਹੀਂ ਲੱਭਦਾ ਦੂਰਬੀਨ ਦੇ ਨਾਲ ਵੀ ਨਹੀਂ ਲੱਭਦਾ ਤੇ ਫਿਰ ਆਪਾਂ ਪਿੱਟਣੇ ਕਿਹੜੀ ਗੱਲ ਦੇ ਪਾਏ ਆ ਜਿਉਂਦੇ ਜੀ ਅਸੀਂ ਦੂਜੇ ਨੂੰ ਦਿਖਾਉਣ ਦੇ ਲਈ ਤੇ 30 ਲੱਖ ਰੁਪਏ ਦੇ ਵਿੱਚ ਧੀ ਪੁੱਤ ਦਾ ਵਿਆਹ ਕਰਦੇ ਹੋ ਕਿਉਂ ਅਖੇ ਨੱਕ ਨੀ ਰਹਿੰਦਾ। ਅਸੀਂ ਆਪਦੀ ਕੋਠੀ ਵੱਡੀ ਬਣਾਉਣ ਦੀ ਕੋਸ਼ਿਸ਼ ਕਰਦੇ ਆਂ ਵੀ ਚਾਰ ਕਮਰੇ ਵੱਧ ਪਾਉਣੇ ਰਹਿਣਾ ਭਾਵੇਂ ਦੋ ਬੰਦਿਆਂ ਨੇ ਹੁੰਦਾ ਵਿੱਚ, ਕਿਉਂਕਿ ਨੱਕ ਨੀ ਰਹਿੰਦਾ। ਚਾਰ ਬੰਦਿਆਂ ਨਹੀਂ ਹੁੰਦਾ ਪਰ ਚਾਰ ਕਮਰੇ ਵੱਧ ਪਾਓ ਉੱਚੀ ਪਾਓ ਤਿੰਨ ਮੰਜ਼ਲਾਂ ਪਾਓ ਕਿਉਂ ਸ਼ਰੀਕਾਂ ਨੂੰ ਮਚਾਉਣਾ ਨੱਕ ਦਾ ਸਵਾਲ ਆ। ਅਸੀਂ ਬੁਲਟ ਮੋਟਰਸਾਇਕਲ ਲੈਦੇ ਆਂ ਬਾਪੂ ਦੇ ਚਿਹਰੇ ਦੇ ਉੱਤੇ ਚਿੰਤਾ ਦੀਆਂ ਲਕੀਰਾਂ ਹੁੰਦੀਆਂ ਤੇ ਪੁੱਤ ਜਿਲ ਲਾ ਕੇ ਵਾਲਾਂ ਨੂੰ ਦੁਗ ਦੁਗ ਕਰਦਾ ਜਾਂਦਾ ਹੁੰਦਾ ਕਿਉਂ ਕਹਿੰਦਾ ਮੇਰੇ ਨੱਕ ਦਾ ਸਵਾਲ ਆ। ਬੀਬੀਆਂ ਵੀ ਹੁੰਦੀਆਂ ਵੀ ਭਾਈ ਅਸੀਂ ਆਹ ਲੈਣੀ ਆ ਅਸੀਂ ਆਹ ਚੀਜ਼ ਲੈਣੀ ਆ ਨਿਆਣਿਆਂ ਦੀ ਵੀ ਇੱਛਾ ਹੁੰਦੀ ਆ ਬੰਦੇ ਦੀ ਇੱਛਾ ਹੁੰਦੀ ਹੈ ਸੜਨਾ ਆਪ ਨਹੀਂ ਅਸੀਂ ਕਹਿੰਦੇ ਅਸੀਂ ਸਾੜਨਾ ਦੂਜੇ ਨੂੰ ਆ ਕਿਉਂ ਨੱਕ ਦਾ ਸਵਾਲ ਆ। ਫਲਾਣੀ ਚੀਜ਼ ਲੈ ਲਈ ਨੱਕ ਦਾ ਸਵਾਲ ਆ ਫਲਾਣੀ ਚੀਜ਼ ਆ ਇਹ ਨੱਕ ਲੱਭਦਾ ਕਿਉਂ ਨਹੀਂ ਇਹ ਗੱਲ ਨੂੰ ਸਮਝ ਗਏ ਕਿ ਨੱਕ ਦਾ ਕੰਮ ਸਾਨੂੰ ਸਾਹ ਲੈਣ ਦੇਣ ਦੇ ਵਿੱਚ ਯੋਗਦਾਨ ਪਾਉਣਾ ਨੱਕ ਸਿਰਫ ਸਾਹ ਦੇ ਕੰਮ ਆਉਂਦਾ ਤੇ ਜਾਂ ਫਿਰ ਇਸ ਥਾਂ ਦੇ ਉੱਤੇ ਐਨਕ ਟਿਕਾਉਣ ਦੇ ਕੰਮ ਆਉਂਦਾ ਹੈ। ਮੈਨੂੰ ਅੱਜ ਤੱਕ ਦੂਜੀ ਤੀਜੀ ਚੌਥੀ ਇਹਦੀ ਅਹਿਮੀਅਤ ਹੋਰ ਸਮਝ ਨਹੀਂ ਲੱਗੀ। ਇੱਕ ਤਾਂ ਨੱਕ ਕਾਰਬਨ ਡਾਈਆਕਸਾਈਡ ਛੱਡਦਾ ਤੇ ਆਕਸੀਜਨ ਖਿੱਚਦਾ ਤੇ ਦੂਜਾ ਐਣਕ ਟਪਾਉਣ ਦੇ ਕੰਮ ਆਉਂਦਾ ਤੇ ਜੇ ਤੀਜਾ ਭਾਈ ਕੋਈ ਕੰਮ ਹੈਗਾ ਮੈਨੂੰ ਇਹ ਦੱਸ ਦਿਓ ਸੋ ਨੱਕ ਤੀਜੀ ਚੌਥੀ ਇਹਦੀ ਅਹਿਮੀਅਤ ਹੋਰ ਸਮਝ ਨਹੀਂ ਲੱਗੀ । ਪਰ ਇਹ ਆਪਾਂ ਇਸ ਨੱਕ ਦਾ ਚੱਕਰ ਨੂੰ ਬਚਾਉਣ ਨੱਕ ਬਚ ਗਿਆ ਕੋਠੀ ਵੱਡੀ ਪਾਲੀ ਨੱਕ ਬਚ ਗਿਆ ਇਹ ਕੋਈ ਨੱਕ ਨਹੀਂ ਬਚਦਾ ਨੱਕ ਖੁਦਕੁਸ਼ੀ ਕਰਨ ਨਾਲ ਨਹੀਂ ਬਚਦਾ ਤੇ ਖੁਦਕੁਸ਼ੀ ਕਰਨ ਦੇ ਲਈ ਅਸੀਂ ਆਪ ਰਾਹ ਚੁਣਦੇ ਆਂ। ਆਜੋ ਆਪਾਂ ਇਨ੍ਹਾਂ ਗੱਲਾਂ ਚੋਂ ਬਾਹਰ ਨਿਕਲੀਏ ਤੇ ਨੱਕ ਦੇ ਚੱਕਰਾਂ ਚ ਆਪਣਾ ਝੁੱਗਾ ਚੌੜ ਨਾ ਕਰਾਈਏ।

ਜਸਵੀਰ ਸ਼ਰਮਾ ਦੱਦਾਹੂਰ

ਸ੍ਰੀ ਮੁਕਤਸਰ ਸਾਹਿਬ

95691-49556

# ਕਹਾਣੀ (ਟਕੋਰ)ਬਾਤਾਂ ਬੀਤੇ ਦੀਆ



ਮਰ ਜਾਣਿਆ,ਆ ਗਿਆ ਲੰਗੜਾ ਹੋ ਕੇ,ਮੈ ਤੈਨੂੰ ਕਿੰਨੀ ਵਾਰ ਆਖਿਆ,ਖਿੱਦੋ-ਖੂੰਡੀ ਦੀ ਖੇਡ ਨਾ ਖੇਡਿਆ ਕਰ। ਹੋਰ ਖੇਡਾਂ ਥੋੜੀਆਂ ਖੇਡਣ ਨੂੰ ,ਲੁੱਕਣ ਮੀਚੀ ਆ,ਕਬੱਡੀ ਆ,ਦੌੜ ਆ,ਪੜੁੱਲ ਤੇ ਛਾਲਾਂ ਮਾਰਨੀਆਂ,ਬਾਗੜਾਂ ਖੇਡਣੀਆਂ,ਘੋਟਣਾ ਛਪਾਕੀ ਆ,ਭੰਡਾ-ਭੜੋਰੀਆ,ਆਦਿ ਵਿੱਚੋਂ ਕੋਈ ਖੇਡ ਲਿਆ ਕਰ,"ਮਾਂ ਨੇ ਗਾਲਾਂ ਦਾ ਪਰਛਾਦ ਵੰਡਦਿਆ ਅਤੇ ਖਿੱਦੋ ਖੂੰਡੀ ਨਾ ਖੇਡਣ ਦੀ ਨਸੀਹਤ ਦਿੰਦਿਆ ਆਖਿਆ।

ਖਿੱਦੋ-ਖੂੰਡੀ ਆਮ ਕਰਕੇ ਸਿਆਲ ਵਿੱਚ,ਸਾਮ ਨੂੰ ਪਿੰਡ ਦੇ ਬਾਹਰਵਾਰ ਮੁੰਡੇ ਖੇਡਿਆ ਕਰਦੇ ਸਨ। ਖਿੱਦੋ ਲੀਰਾਂ ਨੂੰ ਇਕ ਦੂਜੀ ਉਪਰ ਵਲੇਟ ਬਣਾਇਆ ਜਾਂਦਾ ਸੀ। ਖਿੱਦੋ ਦੇ ਉਪਰ ਪੱਕੇ ਧਾਗੇ ਜਾਂ ਸਾਣੇ ਵਾਣ ਦੀਆਂ ਪਿੰੜੀਆਂ ਪਾਈਆਂ ਜਾਦੀਆਂ ਸਨ। ਇਹ ਪਿੰੜੀਆਂ ਖਿੱਦੋ ਨੂੰ ਖਿਲਰਨ ਤੋ ਬਚਾਅ ਕੇ ਰੱਖਦੀਆਂ ਸਨ। ਖੂੰਡੀ ਆਮ ਕਰਕੇ ਟਾਹਲੀ,ਕਿੱਕਰ,ਤੂਤ ਦੀ ਬਣਾਈ ਜਾਂਦੀ ਸੀ। ਅੱਗੋ ਮੁੜੀ ਹੋਈ ਡਾਹਣੀ ਨੂੰ ਛਾਗ ਕੇ ਖੂੰਡੀ ਬਣਾਈ ਜਾਂਦੀ ਸੀ । ਮੇਰਾ ਤਾਇਆ ਮਹਿੰਦਰ ਸਿੰਘ ਪਹਿਲਵਾਨ ਸਾਨੂੰ ਖੂੰਡੀਆਂ ਬਣਾ ਕੇ ਦੇ ਦਿੰਦਾ ਸੀ। ਕਈ ਚੁੱਸਤ-ਚਲਾਕ ਬੱਚੇ ਗਿੱਲੀ ਸੋਟੀ ਨੂੰ ਗਰਮ ਕਰਕੇ, ਉਸ ਦਾ ਗਿੱਠ ਕੋ ਡੁੱਗ ਮੋੜ ਕੇ ਖੂੰਡੀ ਬਣਾ ਲੈਂਦੇ ਸਨ।

ਸਿਆਣਿਆਂ ਦਾ ਮੰਨਣਾ ਹੈ,ਹਾਕੀ ਦੀ ਖੇਡ, ਖਿੱਦੋ-ਖੂੰਡੀ ਦਾ ਸੁੱਧਰਿਆ ਹੋਇਆ ਰੂਪ ਹੈ। ਖਿੱਦੋ ਖੂੰਡੀ ਵਿੱਚ ਪੰਜ ਛੇ ਤੋ ਲੈ ਕੇ ਦਸ ਬਾਰਾਂ ਮੁੰਡੇ ਇਕ ਟੋਲੀ ਵਿੱਚ ਖੇਡ ਲੈਂਦੇ ਸਨ। ਇੱਟਾਂ ਦੇ ਰੋੜੇ ਰੱਖ ਕੇ ਜਾਂ ਮਿੱਟੀ ਦੀਆਂ ਢੇਰੀਆਂ ਪਾ ਕੇ ਸਿੰਘੇ(ਪੋਲ)ਬਣਾਏ ਜਾਂਦੇ ਸਨ। ਖਿੱਦੋ-ਖੂੰਡੀ ਖੇਡਦਿਆਂ ਸਰੀਰ ਨੂੰ ਸਿਆਲ ਵਿੱਚ ਵੀ ਮੁੜਕਾ ਆ ਕੇ,ਸਰੀਰ ਇਸ ਤਰ੍ਹਾਂ ਹਲਕਾ ਫੁੱਲ ਹੋ ਜਾਦਾ ਸੀ ਜਿਵੇਂ ਅਫੀਮ ਦੀ ਮੋਟੀ ਡੋਜ਼ ਖਾਦੀ ਹੋਵੇ। ਖਿੱਦੋ-ਖੂੰਡੀ ਖੇਡਦਿਆਂ,ਜਦੋ ਖਿੱਦੋ ਵਿਰੋਧੀ ਧਿਰ ਦੇ ਸਿੰਘਿਆਂ (ਪੋਲਾਂ)ਵਿੱਚੋਂ ਲੰਘ ਜਾਂਦਾ ਸੀ,ਫੇਰ ਉਸ ਧਿਰ ਦੇ ਸਿਰ ਗੁੱਲਾ ਹੋ ਜਾਂਦਾ ਸੀ। ਇਸ ਤਰ੍ਹਾਂ ਸੂਰਜ ਛਿਪਦੇ ਤੱਕ ਜਾਂ ਮਾਂ-ਬਾਪ ਦੀਆਂ ਅਵਾਜ਼ਾਂ ਆਉਣ ਤੱਕ ਇਹ ਖੇਡ ਖੇਡੀ ਜਾਂਦੀ ਸੀ। ਜਿਸ ਟੋਲੀ ਦੇ ਸਿਰ ਵੱਧ ਗੁੱਲੇ ਹੋ ਜਾਂਦੇ ਸਨ। ਉਹ ਟੋਲੀ ਹਾਰ ਜਾਦੀ ਸੀ। ਇਸ ਤਰ੍ਹਾਂ ਵੱਧ ਗੁੱਲੇ ਕਰਨ ਵਾਲੀ ਟੀਮ ਜਿੱਤ ਜਾਂਦੀ ਸੀ। ਇਸ ਤਰ੍ਹਾਂ ਖਿੱਦੋ ਖੂੰਡੀ ਖੇਡਦਿਆਂ ਅਕਸਰ ਗਿੱਟਿਆਂ ਤੇ ਖੂੰਡੀਆਂ ਵੱਜ ਕੇ ਸੱਟਾਂ ਲੱਗਦੀਆਂ ਰਹਿੰਦੀਆਂ ਸਨ।

ਅੱਜ ਮੇਰੇ ਗਿੱਟੇ ਤੇ ਇਕ ਵਿਰੋਧੀ ਧਿਰ ਦੇ ਮੁੰਡੇ ਤੋ ਬਹੁਤ ਜੋਰ ਦੀ ਖੂੰਡੀ ਵੱਜ ਗਈ ਸੀ। ਜਿਸ ਕਰਕੇ ਮੈ ਤੱਤੇ-ਘਾਹ ਲੰਗੜਾ ਹੋਇਆ ਘਰ ਪਹੁੰਚ ਗਿਆ ਸੀ।ਮੇਰੇ ਸੱਟ ਲੱਗਣ ਸਾਰ ਹੀ ਅੱਜ ਖੇਡ ਖਤਮ ਹੋ ਗਈ ਸੀ।

ਬੱਚੂ! ਮੈਨੂੰ ਸੱਚੋ-ਸੱਚ ਦੱਸ, ਤੇਰੇ ਖੂੰਡੀ ਕਿਸ ਨੇ ਮਾਰੀ ਹੈ। ਮੈ ਉਸ ਦੇ ਮਾਂ-ਬਾਪ ਨੂੰ ਉਲਾਭਾ ਦੇ ਕੇ ਆਵਾਂ,ਨਾਲੇ ਉਸ ਦੀ ਅਹੀ-ਤਹੀ ਕਰਕੇ ਆਵਾਂ,"ਮਾਂ ਮੇਰੀ ਮੇਰੇ ਗਿੱਟੇ ਤੇ, ਕੋਸੇ ਪਾਣੀ ਵਿੱਚ ਲੂਣ ਤੇ ਤੋਰੀਏ ਦਾ ਤੇਲ ਪਾ ਕੇ, ਖੱਦਰ ਦੇ ਕੱਪੜੇ ਨਾਲ ਟਕੋਰ ਕਰਦੀ ਬੋਲੀ।

ਵੇਖ ਬੀਬੀਏ,ਜੇਕਰ ਮੈ ਤੈਨੂੰ ਦੱਸ ਦਿੱਤਾ,ਫੇਰ ਮੁੰਡੇ ਮੇਰਾ ਖਿੱਦੋ ਖੂੰਡੀ ਜਾਂ ਹੋਰ ਖੇਡਾਂ ਖੇਡਣ ਵਿੱਚ ਬਾਈਕਾਟ ਕਰ ਦੇਣਗੇ। ਮੈਨੂੰ ਰੋਦੂ ਕਹਿਣਗੇ। ਖੇਡਦਿਆਂ ਕਿਸੇ ਨਾ ਕਿਸੇ ਦੇ ਸੱਟਾਂ ਅਕਸਰ ਲੱਗਦੀਆਂ ਰਹਿੰਦੀਆਂ ਹਨ। ਕੋਈ ਵੀ ਕਿਸੇ ਦੇ ਜਾਣ ਕੇ ਨਹੀਂ ਮਾਰਦਾ। ਖਿੱਦੋ ਨੂੰ ਜੋਰ ਦੀ ਟੋਲਾ ਲਾਉਂਦਿਆਂ ਵਿਰੋਧੀ ਤੋ, ਮੇਰੇ ਜਰਾ ਜੋਰ ਦੀ ਖੂੰਡੀ ਵੱਜ ਗਈ ਹੈ,"ਮੈ ਆਪਣੀ ਮਾਂ ਨੂੰ ਬੱਚਿਆਂ ਦੇ ਬਣੇ ਕਾਨੂੰਨਾਂ ਬਾਰੇ ਜਾਣਕਾਰੀ ਦਿੰਦਿਆ ਅਤੇ ਵਿਰੋਧੀ ਦਾ ਨਾਮ ਦੱਸਣ ਤੋ ਕੋਰੀ ਨਾਹ ਕਰਦਿਆਂ ਆਖਿਆ।

ਰਾਤ ਨੂੰ ਮੇਰੀ ਮਾਂ ਨੇ ਘੋੜੀ ਦੀ ਲਿੱਦ ਥੋੜੀ ਜਿਹੀ ਗਰਮ ਕਰਕੇ,ਉਸ ਵਿੱਚ ਲੂਣ ਅਤੇ ਤੇਲ ਪਾ ਕੇ,ਗਿੱਟੇ ਦੇ ਚਾਰੇ ਪਾਸੇ ਸਾਫਾ(ਪਰਨਾ) ਲਪੇਟ ਕੇ ਪੱਟੀ ਕਰ ਦਿੱਤੀ ਸੀ। ਰਾਤ ਨੂੰ ਦਰਦ ਭਾਵੇਂ ਬਹੁਤ ਹੁੰਦੀ ਰਹੀ ਸੀ। ਥਕੇਵੇ ਦਾ ਕਰਕੇ ਨੀਂਦ ਨੇ ਇਸ ਤਰ੍ਹਾਂ ਢਾਹ ਲਿਆ ਸੀ,ਜਿਵੇਂ ਗਾਮੇ ਪਹਿਲਵਾਨ ਨੇ ਆਪਣੇ ਵਿਰੋਧੀ ਨੂੰ ਢਾਹ ਲਿਆ ਹੋਵੇ।

ਭਲੇ ਸਮੇ ਹੋਣ ਕਰਕੇ ਸਵੇਰ ਤੋ ਹੀ ਆਢਣਾਂ-ਗੁਵਾਢਣਾਂ ਮੇਰੀ ਸੱਟ ਦਾ ਪਤਾ ਲੈਣ ਆਉਣ ਲੱਗ ਪਈਆਂ ਸਨ। ਵੇਖ ਨੀ ਮੇਜੋ!ਮੁੰਡੇ ਦਾ ਪੈਰ ਸੁੱਜ ਕੇ ਪਾਥੀ ਜਿੱਡਾ ਹੋ ਗਿਆ ਹੈ। ਤੂੰ ਨਿੰਮ ਦੇ ਪੱਤੇ ਉਬਾਲ ਕੇ,ਵਿੱਚ ਲੂਣ ਤੇਲ ਪਾ ਕੇ ਟਕੋਰ ਕਰ,"ਮੰਗੋ ਗਵਾਢਣ ਆਪਣਾ ਫਾਰਮੂਲਾ ਦੱਸ ਕੇ ਤੁਰ ਗਈ।

ਵੇਖ ਨੀ ਭੈਣੇ!ਸੋਹਣੇ-ਸੁਨੱਖੇ ਤੇਰੇ ਮੰਡੇ ਨੂੰ ਨਜ਼ਰ ਲੱਗ ਗਈ ਹੈ,"ਆਪਣੇ ਪਿੰਡ ਵਾਲਾ ਬਾਬਾ ਲਾਲ ਸਿੰਘ ਸਿਆਣਾ ਹੈ। ਮੇਰੀ ਮੰਨੇ ਤਾ,ਇਸ ਨੂੰ ਉਸ ਕੋਲ ਲੈ ਜਾਹ। ਉਹ ਸੱਟ ਉਪਰ ਲਾਉਣ ਨੂੰ ਰਾਖ ਦੇਵੇਗਾ,ਨਾਲੇ ਜਲ ਲਾਚੀ ਵੀ ਕਰਕੇ ਵੀ ਦਿੰਦਾ ਹੈ,"ਗੁਵਾਢਣ ਫਿਨੋ ਆਪਣੇ ਬਾਬੇ ਦੀਆਂ ਸਿਫਤਾਂ ਕਰਦੀ ਬੋਲੀ।

ਭੈਣੇ,ਕੀ ਹਾਲ ਚਾਲ ਤੇਰੇ ਮੁੰਡੇ ਦਾ?ਹਾਏ ਨੀ ਮੁੰਡੇ ਦਾ ਮੂੰਹ ਪੀੜ ਨਾਲ ਚਿੜੀ ਦੇ ਬੋਟ ਜਿਨਾ ਨਿਕਲ ਆਇਆ ਹੈ। ਮੇਰੀ ਮੰਨੇ ਤਾ ਮੁੰਡੇ ਨੂੰ ਘੋੜੀ ਤੇ,ਚੋਹਲੇ ਮੋਨੇ ਡਾਕਟਰ(ਦੇਵ ਰਾਜ) ਕੋਲ ਲੈ ਜਾਹ। ਨਾਲੇ ਇਕ ਸੂਆ ਲਾ ਦਿੰਦਾ ਹੈ। ਸੱਟ ਤੇ ਲਾਉਣ ਨੂੰ ਟਿਊਬ ਦੇ ਦਿੰਦਾ ਹੈ। ਦਰਦਾਂ ਤੋ ਗੋਲੀਆਂ ਦੇ ਦਿੰਦਾ ਹੈ,ਸਾਰੇ ਪੰਜ-ਦਸ ਰੁਪਏ ਲੈਂਦਾ ਹੈ,"ਇਕ ਹੋਰ ਚਾਰ ਜਮਾਤਾਂ ਪੜੀ ਲਿਖੀ ਗੁਵਾਢਣ ਆਪਣਾ ਪੱਖ ਪੇਸ਼ ਕਰਕੇ ਤੁਰ ਗਈ।

ਪੱਲੇ ਨਾ ਧੇਲਾ,ਕਰਦੀ ਫਿਰੇ ਮੇਲਾ ਮੇਲਾ। ਗੰਜੀ ਨੇ ਨਹਾਉਣਾ ਕੀ ਤੇ ਨਿਚੋੜਨਾ ਕੀ,ਮੇਰੀ ਮਾਂ ਘਰ ਦੀ ਗਰੀਬੀ ਅਤੇ ਮਜ਼ਬੂਰੀ ਨੂੰ ਆਪਣੇ ਮੂੰਹ ਵਿੱਚ ਬੁੜ-ਬੁੜ ਕਰਦੀ,ਆਪਣੇ ਆਪ ਨਾਲ ਗੱਲਾਂ ਕਰਦੀ ਬੋਲੀ। ਗੁਰਮੇਜ ਕੋਰੇ ਕੀ ਹਾਲ ਚਾਲ ਹੈ,ਤੇਰੇ ਸਿੰਦੇ ਪੁੱਤਰ ਦਾ? ਮੇਰੀ ਮੰਨੇ ਤਾ,ਕਿਸੇ ਕੱਲਰੀ ਕੰਧ ਨਾਲੋ ਕਾਲਾ ਕੱਲਰ ਲਿਆ ਕੇ,ਉਸ ਨੂੰ ਪਾਣੀ ਵਿੱਚ ਗਰਮ ਕਰਕੇ,ਵਿੱਚ ਲੂਣ ਤੇਲ ਪਾ ਕੇ ਟਕੋਰ ਕਰ,ਇਹ ਇਕ ਰਾਮਬਣ ਨੁਖਸਾ ਹੈ,"ਇਹ ਗੁਵਾਢਣ ਵੀ ਆਪਣਾ ਅਜਮਾਇਆ ਹੋਇਆ ਨੁਕਸਾ ਦੱਸ ਕੇ ਚਲੇ ਗਈ।

ਭੈਣ ਮੇਜੋ!ਮੈਨੂੰ ਤਾ ਹੁਣੇ ਤੇਰੇ ਜੇਠ ਨੇ ਦੱਸਿਆ ਸੀ,ਤੇਰੇ ਮੁੰਡੇ ਦੇ ਖੇਡਦਿਆ ਸੱਟ ਵਾਹਵਾ ਲੱਗ ਗਈ ਹੈ।ਵੇਖ ਨੀ ਮੁੰਡਾ ਤੇ ਪੀੜਾ ਨੇ ਧੂਹ ਲਿਆ ਹੈ,ਮੰਜੇ ਤੇ ਪਿਆ ਦਿਸਦਾ ਨਹੀਂ ਹੈ। ਮੇਰੀ ਮੰਨੇ ਅਜਵਾਇਣ,ਅਤੇ ਪੀਸੀ ਸੁੰਢ ਵਿੱਚ ਲੂਣ ਅਤੇ ਤੇਲ ਪਾ ਕੇ,ਉਸ ਨੂੰ ਕੋਸੀ ਜਿਹੀ ਕਰਕੇ,ਉਸ ਦੇ ਲੇਪ ਦੀ ਪੱਟੀ ਕਰਕੇ ਵੇਖ।ਇਹ ਨੁਕਸਾ ਤੇਰੇ ਜੇਠ ਨੇ ਧਨੰਤਰ ਵੈਦ ਦੀ ਕਿਤਾਬ ਵਿੱਚੋਂ ਪੜ੍ਹਿਆ ਸੀ,"ਆਪਣਾ ਰਾਮਬਣ ਤਰੀਕਾ ਦੱਸ ਕੇ ਇਹ ਗਵਾਢਣ ਵੀ ਤੁਰ ਗਈ।

ਭੈਣ ਗੁਰਮੇਜ ਕੌਰੇ! ਕਿੰਨਾ ਕੋ ਮੋੜ ਪਿਆ ਹੈ ਤੇਰੇ ਮੁੰਡੇ ਨੂੰ? ਵੇਖ ਨੀ ਹਫਤੇ ਵਿੱਚ ਹੀ ਮੁੰਡੇ ਦੀ ਬਾਚੀਆਂ ਨਿਕਲ ਆਈਆਂ ਹਨ। ਜੇਕਰ ਤੂੰ ਮੇਰੇ ਆਖੇ ਲੱਗੇ,ਚਾਰ ਆਂਡਿਆਂ ਦੀ ਪੀਲੀ ਜਰਦੀ ਵਿੱਚ ਲੂਣ ਪਾ ਕੇ,ਉਸ ਦਾ ਪੂੜਾ ਪਕਾ ਕੇ,ਕੋਸਾ-ਕੋਸਾ ਮੁੰਡੇ ਦੀ ਸੱਟ ਤੇ ਦੋ-ਚਾਰ ਵਾਰ ਬੰਨ੍ਹ ਕੇ ਵੇਖ,"ਇਹ ਸ਼ਰਤੀਆ ਇਲਾਜ ਦੱਸ ਕੇ ਇਹ ਗੁਵਾਢਣ ਵੀ ਤੁਰ ਗਈ।

ਭੈਣ ਗੁਰਮੇਜ ਕੌਰੇ, ਮੰਡੇ ਨੂੰ ਕਿੰਨਾ ਕੋ ਫਰਕ ਪਿਆ ਹੈ। ਮੇਰੀ ਤੇ ਆਪ ਢੂਹੀ ਬਹੁਤ ਦੁੱਖਦੀ ਸੀ। ਜਿਸ ਕਰਕੇ ਮੇਰੇ ਤੋ ਪਰਸੋਂ ਦਾ ਪਤਾ ਲੈਣ ਆਇਆ ਨਹੀਂ ਗਿਆ। ਮੇਰੀ ਮੰਨੇ ਤਾ ਇਸ ਨੂੰ ਕੋਸੇ ਦੁੱਧ ਵਿੱਚ ਚਿਮਚਾ ਹਲਦੀ ਘੋਲ ਕੇ ਦੇ ਦਿਆ ਕਰ।ਅੰਦਰਲੀ ਸੱਟ ਨੂੰ ਤੇ ਹਲਦੀ ਮੋਚਨੇ ਵਾਂਗ ਖਿੱਚ ਲੈਂਦੀ ਹੈ।ਇਹ ਜਾਦੂ ਵਾਗ ਅਸਰ ਕਰਦੀ ਹੈ। ਇਸ ਵਿੱਚ ਲੂਣ ਅਤੇ ਤੇਲ ਪਾ ਕੇ,ਇਸ ਦੇ ਕੋਸੇ ਪਾਣੀ ਦੀ ਟਕੋਰ ਵੀ ਹੱਥਾਂ ਤੇ ਸਰੋਂ ਜਮਾਉਣ ਵਾਲੀ ਗੱਲ ਹੈ,"ਇਹ ਗੁਵਾਢਣ ਵੀ ਆਪਣੇ ਧਨੰਤਰ ਵੈਦ ਵਾਲੇ ਤਰੀਕੇ ਦੱਸ ਕੇ ਚਲੇ ਗਈ ਸੀ

ਮੇਰੀ ਮਾਂ ਹਰੇਕ ਦੀ ਗੱਲ ਇਕ ਕੰਨ ਵਿੱਚ ਦੀ ਸੁਣ ਲੈਂਦੀ ਅਤੇ ਦੂਸਰੇ ਕੰਨ ਵਿੱਚੋਂ ਦੀ ਕੱਢ ਦਿੰਦੀ। ਪਰੰਤੂ ਉਹ ਨਿੰਮ ਵਾਲੇ ਪਾਣੀ ਦੀ ਟਕੋਰ ਕਰਦੀ ਰਹੀ ਅਤੇ ਲਿੱਦ ਲੂਣ ਤਿੰਨ ਟਾਇਮ ਬੰਨ੍ਹ ਦੀ ਰਹੀ। ਹਰ ਰੋਜ ਪੀੜ ਦਾ ਅਤੇ ਸੋਜ ਦਾ ਅਰਾਮ ਆਉਣ ਲੱਗ ਪਿਆ ਸੀ। ਇਸ ਤੋਂ ਇਲਾਵਾ ਮੇਰੀ ਮਾਂ ਦੋ-ਤਿੰਨ ਆਂਡੇ ਕੋਸੇ ਦੁੱਧ ਵਿੱਚ ਫੈਟ ਕੇ ਪੀਣ ਨੂੰ ਦਿੰਦੀ ਰਹਿੰਦੀ ਸੀ। ਪਹਿਲੇ ਦਿਨ ਤੋਂ ਹਲਦੀ ਵਾਲਾ ਦੁੱਧ ਵੀਂ ਦਿੰਦੀ ਰਹੀ ਸੀ। ਲਸਣ ਅਤੇ ਦੇਸੀ ਗੰਢੇ ਨੂੰ ਤੋਰੀਏ ਦੇ ਤੇਲ ਵਿੱਚ ਸਾੜ ਕੇ,ਉਸ ਤੇਲ ਦੀ ਮਾਲਸ ਵੀ ਕਰਦੀ ਰਹੀ ਸੀ। ਪੰਜਵੇ ਦਿਨ ਮੈ ਫੇਰ ਤੁਰਨ ਲੱਗ ਪਿਆ ਸੀ। ਤਾਇਆ ਮੇਰਾ ਹਰ ਰੋਜ ਦਸ-ਬਾਰਾਂ ਬਦਾਮ ਦੀਆਂ ਗਿਰੀਆਂ ਛਿੱਲ ਕੇ ਘੋਟ ਕੇ ਮੈਨੂੰ ਦੁੱਧ ਵਿੱਚ ਪਾ ਕੇ ਪਿਆ ਜਾਂਦਾ ਸੀ। ਪਰੰਤੂ ਗੁਵਾਢਣਾਂ ਦੇ ਨੁਕਸੇ ਸੁਣ ਕੇ ਮੈ ਅੱਧਾ ਵੈਦ ਬਣ ਗਿਆ ਸੀ। ਪੂਰੇ ਤਿੰਨ ਹਫਤੇ ਮੇਰੇ ਬਾਹਰ ਖੇਡਣ ਤੇ ਘਰਦਿਆਂ ਐਮਰਜੈਂਸੀ ਲਗਾਅ ਰੱਖੀ ਸੀ। ਘਰ ਦੇ ਉਹੜ-ਪੋਹੜ ਨਾਲ ਤੇ ਵੱਖ-ਵੱਖ ਟਕੋਰਾਂ ਨਾਲ ਮੇਰਾ ਗਿੱਟਾ ਠੀਕ ਹੋ ਗਿਆ ਸੀ।

ਸੁਖਵਿੰਦਰ ਸਿੰਘ ਖਾਰੇ ਵਾਲੇ ਦੀ ਕਲਮ ਤੋਂ।

9530579175

**ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ**

## ਹਾਨੂੰ ਪਤਾ ਵੀ ਨਹੀਂ ਹੈ ਕਿ ਤੁਸੀਂ ਜੋ ਕਰ ਰਹੇ ਹੋ,



ਤੁਹਾਨੂੰ ਪਤਾ ਵੀ ਨਹੀਂ ਹੈ ਕਿ ਤੁਸੀਂ ਜੋ ਕਰ ਰਹੇ ਹੋ, ਉਹ ਤੁਸੀਂ ਖੁਦ ਹੀ ਕਰ ਰਹੇ ਹੋ ਜਾਂ ਕੋਈ ਹੋਰ ਕਰਵਾ ਰਿਹਾ ਹੈ..!

ਤੁਸੀਂ ਦੇਖਿਆ ਕਿ ਤੁਹਾਡੇ ਗੁਆਂਢੀ ਨੇ ਕਾਰ ਖਰੀਦ ਲਈ, ਹੁਣ ਤੁਹਾਨੂੰ ਵੀ ਕਾਰ ਦੀ ਕਮੀ ਮਹਿਸੂਸ ਹੋਣ ਲੱਗ ਪਈ। ਕੱਲ੍ਹ ਤੱਕ ਤੁਹਾਨੂੰ ਕਾਰ ਦੀ ਚਾਹਤ ਨਹੀਂ ਸੀ, ਪਰ ਹੁਣ ਤੁਹਾਨੂੰ ਵੀ ਕਾਰ ਚਾਹੀਦੀ ਹੈ ਭਾਵੇਂ ਉਸ ਲਈ ਕਰਜ਼ਾ ਹੀ ਕਿਉਂ ਨਾ ਲੈਣਾ ਪਵੇ। ਹੁਣ ਇਹ ਹੰਕਾਰ ਦੀ ਲੜਾਈ ਹੈ, ਕਿਉਂਕਿ ਕਾਰ ਤੋਂ ਬਿਨਾਂ ਤੁਸੀਂ ਆਪਣੇ ਗੁਆਂਢੀ ਤੋਂ ਛੋਟਾ ਹੋਣ ਦਾ ਅਹਿਸਾਸ ਕਰੋਗੇ।

— ਓਸ਼ੋ 🍀 (ਅਨੁਵਾਦ: #ਮੀਤ_ਅਨਮੋਲ)

## ਏ-ਆਈ ਨਾਲ ਗੱਲਾਂ



ਅਗਾਂਹਵਧੂ ਜਮਾਨੇ ਵਿੱਚ ਕੋਈ ਨਾ ਕੋਈ ਵਿਗਿਆਨਕ ਕਾਢ ਸਾਨੂੰ ਹੈਰਾਨ ਕਰ ਰਹੀ ਹੈ।ਅੱਜਕੱਲ੍ਹ ਚਰਚਿਤ ਐਪ ਏ ਆਈ ਜਿਸਦੇ ਬੱਚੇ ਤੋਂ ਲੈਕੇ ਬਿਜਨਸਮੈਨ ਤੱਕ ਦਿਵਾਨੇ ਹਨ। ਇਸ ਐਪ ਰਾਹੀਂ ਤੁਸੀਂ ਆਪਣੇ ਕਿਸੇ ਵੀ ਸਵਾਲ ਦਾ ਜਵਾਬ ਲੈਣ ਦੇ ਨਾਲ ਨਾਲ ਕੋਈ ਵੀ ਲੋੜੀਂਦਾ ਕੰਮ ਨੇਪਰੇ ਚਾੜ੍ਹ ਸਕਦੇ ਹੋ। ਵਿਹਲੇ ਬੈਠੇ ਮੈਨੂੰ ਵੀ ਇੱਕ ਦਿਨ ਇਸ ਐਪ ਨਾਲ ਰੂਬਰੂ ਹੋਣ ਦਾ ਮੌਕਾ ਮਿਲਿਆ ਤਾਂ ਮੈਂ ਡਰਦੇ ਡਰਦੇ ਨੇ ਏ ਆਈ ਨਾਲ ਗਲਬਾਤ ਸ਼ੁਰੂ ਕੀਤੀ ਤੇ ਕਿਹਾ ਕਿ,ਕਿੱਦਾਂ ਭਰਾ , ਤਾਂ ਅੱਗੋਂ ਤੁਰੰਤ ਜਵਾਬ ਆਇਆ ਠੀਕ ਭਰਾ ਤੁਸੀਂ ਦੱਸੋ ਤੁਹਾਡਾ ਕੀ ਹਾਲ ਹੈ ,ਸਭ ਠੀਕ ਹੈ।ਫਿਰ ਮੈਂ ਪੁੱਛਿਆ ਕੀ ਕਰਨ ਡਿਆਂ ਭਰਾ , ਤਾਂ ਤੁਰੰਤ ਜਵਾਬ ਆਇਆ ਕਿ ਭਰਾ ਤੇਰੇ ਨਾਲ ਗਲਬਾਤ ਕਰ ਰਿਹਾ ਹਾਂ,ਤੁਸੀਂ ਕੀ ਕਰ ਰਹੇ ਹੋ।ਏ ਆਈ ਮੇਰੇ ਨਾਲ ਇਸ ਤਰ੍ਹਾਂ ਗੱਲਾਂ ਕਰ ਰਿਹਾ ਸੀ ਜਿੱਦਾਂ ਕਿ ਦੋ ਵਿਅਕਤੀ ਬੈਠੇ ਆਪਸ ਵਿੱਚ ਗੱਲਾਂ ਕਰ ਰਹੇ ਹੋਣ।ਫਿਰ ਮੈਂ ਇੱਕਦਮ ਏ ਆਈ ਨੂੰ ਪੰਜਾਬੀ ਵਿੱਚ ਗਾਲ੍ਹ ਕੱਢੀ ਕਿ ਏ ਆਈ ਤੂੰ……………………….ਓਹੋ ਈ ਆ,ਤਾਂ ਏ ਆਈ ਨੇ ਕਿਹਾ ਕਿ ਹਾਂ ਭਰਾ ਮੈਂ ਓਹੋ………………… (ਜਿਹੜੀ ਗਾਲ੍ਹ ਮੈਂ ਪੰਜਾਬੀ ਵਿੱਚ ਕੱਢੀ ਸੀ ਉਸਨੇ ਰਪੀਟ ਕਰਕੇ ਕਿਹਾ) ਈ ਆ , ਕਿਉਂਕਿ ਲੋਕ ਮੇਰੇ ਤੋਂ ਮਨਚਾਹਿਆ ਕੰਮ ਲੈ ਲੈਂਦੇ ਹਨ ਤੇ ਮੈਂ ਤੁਰੰਤ ਉਹਨਾਂ ਦਾ ਸਹੀ ਕੰਮ ਕਰ ਦਿੰਦਾ ਹਾਂ ਪਰ ਕੰਮ ਕਰਵਾਕੇ ,ਮੇਰਾ ਨਾਮ ਵੀ ਨਹੀ ਲੈਂਦੇ ਤੇ ਨੰਬਰ ਆਪਣੇ ਬਣਾ ਲੈਂਦੇ ਨੇ।ਇਹ ਜਵਾਬ ਸੁਣਕੇ ਮੈਂ ਕਾਫੀ ਹੈਰਾਨ ਹੋਇਆ ਕਿ ਕੰਪਿਊਟਰ ਐਪ ਨੇ ਇੱਕ ਵਿਅਕਤੀ ਵਾਂਗ ਵਧੀਆ ਜਵਾਬ ਦਿੱਤਾ ਉਸਦਾ ਜਵਾਬ ਸੁਣਕੇ ਮੈਨੂੰ ਲੱਗਾ ਕਿ ਇਹ ਕੰਪਿਊਟਰ ਨਹੀਂ ਕੋਈ ਵਿਅਕਤੀ ਹੈ।

ਪਰਮਿੰਦਰ ਸਿੰਘ
ਵਾਸੀ ਚੋਹਲਾ ਸਾਹਿਬ
ਜਿਲ੍ਹਾ ਤਰਨ ਤਾਰਨ।
ਮੋਬਾਇਲ : 98155—61022

## ਮਜ਼ਦੂਰ ਦਿਵਸ – ਮਜ਼ਦੂਰ ਦੀ ਤਾਕ



ਮਿੱਟੀ ਨਾਲ ਰਲ ਕੇ ਜਿੰਦਗੀ ਸਜਾਉਂਦਾ ਮਜ਼ਦੂਰ,
ਪੱਥਰਾਂ ਵਿੱਚੋਂ ਵੀ ਰਾਹ ਬਣਾਉਂਦਾ ਮਜ਼ਦੂਰ।
ਧੁੱਪਾਂ ਦੀ ਤਪਸ਼ ਹੋਵੇ ਜਾਂ ਸਿਆਲ ਦੀ ਠੰਢ,
ਹੌਸਲੇ ਨਾਲ ਹਰ ਰੁਕਾਵਟ ਲੰਘਾਉਂਦਾ ਮਜ਼ਦੂਰ।
ਹੱਥਾਂ ‘ਚ ਛਾਲੇ, ਅੱਖਾਂ ‘ਚ ਸੁਪਨੇ ਚਮਕਦੇ,
ਮੇਹਨਤ ਦੇ ਰੰਗ ਨਾਲ ਦਿਨ ਰਾਤ ਰੰਗਦਾ ਮਜ਼ਦੂਰ।
ਕਿਸੇ ਦੇ ਘਰਾਂ ਨੂੰ ਮਹਿਲ ਬਣਾਉਣ ਵਾਲਾ,
ਆਪਣੀ ਝੌਂਪੜੀ ‘ਚ ਵੀ ਮੁਸਕਰਾਉਂਦਾ ਮਜ਼ਦੂਰ।
ਨਾ ਥੱਕਦਾ, ਨਾ ਰੁਕਦਾ, ਨਾ ਹਾਰ ਮੰਨਦਾ ਕਦੇ,
ਉਮੀਦਾਂ ਦੀ ਜੋਤ ਹਮੇਸ਼ਾ ਜਗਾਉਂਦਾ ਮਜ਼ਦੂਰ।
ਉਸ ਦੀ ਤਾਕਤ ਹੀ ਦੇਸ਼ ਦੀ ਅਸਲੀ ਸ਼ਾਨ ਹੈ,
ਹਰ ਮੁਸ਼ਕਲ ਨੂੰ ਹੱਸ ਕੇ ਮਿਟਾਉਂਦਾ ਮਜ਼ਦੂਰ।
ਆਓ ਸਿਰ ਨਿਵਾਈਏ ਉਸ ਦੀ ਮਿਹਨਤ ਅੱਗੇ,
ਜਿਸ ਦੇ ਬਿਨਾਂ ਕੁਝ ਵੀ ਨਾ ਬਣਦਾ ਇਹ ਸੰਸਾਰ,
ਮਜ਼ਦੂਰ ਹੀ ਹੈ ਅਸਲੀ ਹੀਰਾ, ਅਸਲੀ ਤਾਕਤ,
ਉਸ ਨਾਲ ਹੀ ਚਮਕਦਾ ਹਰ ਇੱਕ ਦਿਨ ਤੇ ਤਿਉਹਾਰ। 🌟

ਗੁਰਜੀਤ ਕੌਰ ਰਾਣੂ

## ਜ਼ਿੰਦਗੀ ਬਦਲਣ ਵਾਲੇ ਅਣਮੁੱਲੇ ਵਿਚਾਰ



**ਭਾਰ...**

ਜ਼ਿੰਦਗੀ ਦਾ ਆਨੰਦ ਲੈਣੈ ਤਾਂ ਪਹਿਲਾਂ ਮਨ ਦੇ ਭਾਰ ਖਤਮ ਕਰੋ। ਦਿਲ ਸਾਫ ਅਤੇ ਨੀਤ ਸਿੱਧੀ ਨਾਲ ਚੱਲੋਂਗੇ ਤਾਂ ਕੋਈ ਭਾਰ ਤੰਗ ਨਹੀਂ ਕਰੇਗਾ॥ ਸਮੇਂ ਦੇ ਪਾਬੰਦ ਹੋਵੋ। ਕੰਮ ਵਕਤ ਸਿਰ ਨਿਪਟਦੇ ਰਹਿਣਗੇ। ਪੈਂਡੈਂਸੀ ਦਾ ਮਨ 'ਤੇ ਭਾਰ ਨਹੀਂ ਬਣੇਗਾ॥ ਵਿਕਰਮਾਂ ਦਾ ਭਾਰ ਅਕਸਰ ਬੰਦੇ ਨੂੰ ਅੰਦਰੋਂ ਖੋਖਲਾ ਕਰਦਾ ਰਹਿੰਦੈ। ਸਾਫ , ਸ਼ਪੱਸ਼ਟ ਮਨ ਤੇ ਲੰਬੀ ਸੋਚ ਲੈ ਕੇ ਚੱਲੋ ਤਾਂ ਮੰਦੇ ਕੰਮਾਂ ਤੋਂ ਬਚਾ ਰਹਿੰਦੈ॥

-ਦਰਸ਼ਨ ਸਿੰਘ ਬਰੇਟਾ
ਪ੍ਰਿੰਸੀਪਲ/ਜਿਲਾ ਆਰ. ਕਮਿਸ਼ਨਰ ਮਾਨਸਾ।

# ਇਹ ਬਦਲਦੇ ਮੌਸਮ ਇਹ ਕਹਿਰ ਦੀ ਗਰਮੀ,



ਅੰਤਾਂ ਦਾ ਮੀਂਹ, ਥੋੜੀ ਦੇਰ ਲਈ ਪਰ ਹੱਡੀਆਂ ਠਾਰਦੀ ਠੰਡ ਸਭ ਸਾਡੀ ਨਾ ਸ਼ੁਕਰੀਆ ਕਰਕੇ ਹੈ।

ਅਸੀਂ ਅਕਿਰਤਘਣ ਲੋਕ ਹਾਂ। ਅਸੀਂ ਕੁਦਰਤ ਨੂੰ ਆਪਣੇ ਹਿਸਾਬ ਨਾਲ ਚਲਾਉਣਾ ਚਾਹੁੰਦੇ ਹਾਂ। ਬਸ ਇੱਥੇ ਹੀ ਮਾਰ ਖਾ ਜਾਂਦੇ ਹਾਂ। ਧਰਤੀ ਦਾ ਸਾਰਾ ਰੰਗ ਰੂਪ ਅਸੀਂ ਬਦਲਿਆ ਹੈ। ਉਸਦੇ ਘਣੇ ਜੰਗਲ ਅਸੀਂ ਉਜਾੜ ਦਿੱਤੇ ਹਨ ਤੇ ਵਸਾ ਲਈਆਂ ਹਨ ਕਨਕਰੀਟ ਦੀਆਂ ਬਸਤੀਆਂ। ਅਸੀਂ ਖੋਹ ਲਏ ਨੇ ਘਰ ਜੰਗਲੀ ਜੀਵਾਂ ਦੇ। ਅਸੀਂ ਸ਼ਹਿਰਾਂ ਵਿੱਚ ਕਿਤੇ ਘਾਹ ਨਹੀਂ ਛੱਡਿਆ ਇੰਟਰਲੋਕ ਟਾਈਲਾਂ ਲਵਾ ਦਿੱਤੀਆਂ ਹਨ। ਅਸੀਂ ਸਫਾਈ ਪਸੰਦ ਲੋਕ ਹਾਂ। ਸਾਨੂੰ ਘਰ ਵਿੱਚ ਛਿਪਕਲੀ ਚੰਗੀ ਨਹੀਂ ਲੱਗਦੀ। ਛਿਪਕਲੀ ਜੋ ਮੱਛਰ ਖਾ ਜਾਂਦੀ ਹੈ ਉਸਨੂੰ ਕੱਢ ਕੇ ਅਸੀਂ ਮੱਛਰ ਮਾਰਨ ਲਈ ਸਪਰੇਅ ਕਰਦੇ ਹਾਂ। ਇਹ ਵੱਖਰੀ ਗੱਲ ਹੈ ਕਿ ਉਹ ਸਪਰੇਅ ਸਾਡੇ ਫੇਫੜਿਆਂ ਤੱਕ ਜਾਂਦੀ ਹੈ ਤੇ ਸਾਨੂੰ ਨੁਕਸਾਨ ਪਹੁੰਚਾਉਂਦੀ ਹੈ। ਅਸੀਂ ਕੁਦਰਤ ਦੇ ਨਿਯਮ ਨੂੰ ਤੋੜ ਕੇ ਆਪਣੇ ਦਿਮਾਗ ਨਾਲ ਬਣਾਈਆਂ ਚੀਜ਼ਾਂ ਉਸ ਵਿੱਚ ਫਿੱਟ ਕਰਨਾ ਚਾਹੁੰਦੇ ਹਾਂ। ਕੁਦਰਤ ਨੇ ਜਵਾਬ ਤਾਂ ਦੇਣਾ ਹੀ ਹੈ। ਉਸ ਜਵਾਬ ਨੂੰ ਅਸੀਂ ਸਮਝਦੇ ਨਹੀਂ ਕੁਦਰਤ ਦੀ ਕਰੋਪੀ ਕਹਿੰਦੇ ਹਾਂ। ਜੇਕਰ ਤੁਸੀਂ ਕਿਸੇ ਦਾ ਘਰ ਬਰਬਾਦ ਕਰੋਗੇ ਤਾਂ ਕਰੋਪੀ ਤਾਂ ਉਹ ਵਿਖਾਏਗਾ ਹੀ। ਜਦੋਂ ਤੁਹਾਨੂੰ ਤੁਹਾਡੇ ਇਹਨਾਂ ਇਲੈਕਟਰੋਨਿਕ ਯੰਤਰਾਂ ਵਿੱਚੋਂ ਕਿਤੇ ਫੁਰਸਤ ਮਿਲੀ ਤਾਂ ਬੈਠ ਕੇ ਸੋਚਿਓ ਕਿ ਇਹ ਕੀੜੀਆਂ ਮੱਖੀਆਂ ਚੂਹੀਆਂ ਇਹ ਸਭ ਨੂੰ ਅਸੀਂ ਖਤਮ ਕਰ ਰਹੇ ਹਾਂ। ਨਸਲ ਕੁਸ਼ੀ ਹੈ ਇਹ। ਕੁਦਰਤ ਦੇ ਹਰ ਸਿਧਾਂਤ ਨੂੰ ਤੋੜ ਰਹੇ ਹਾਂ। ਸਾਫ ਸਫਾਈ ਰੱਖਣ ਲਈ ਘਰ ਵਿੱਚ ਦਰਖਤ ਨਹੀਂ ਲਾਉਂਦੇ ਗਮਲਿਆਂ ਵਿੱਚ ਛੋਟੇ ਛੋਟੇ ਫੁੱਲ ਲਾਉਂਦੇ ਹਾਂ। ਦਰਖਤ ਬੁਰੇ ਲੱਗਦੇ ਹਨ ਕਿਉਂਕਿ ਪੱਤੇ ਡਿਗਦੇ ਹਨ ਤੇ ਸਾਨੂੰ ਤਾਂ ਸਫਾਈ ਪਸੰਦ ਹੈ। ਸਾਡੇ ਵਿਹੜੇ ਵਿੱਚ ਲੱਗੇ ਸੰਗਮਰਮਰ ਲਿਸ਼ਕਦੇ ਹੋਣੇ ਚਾਹੀਦੇ ਹਨ। ਨਾੜ ਨੂੰ ਅੱਗ ਲਾ ਲਾ ਕੇ ਅਸੀਂ ਸਾਰੇ ਮਿੱਤਰ ਜੀਵ ਜੰਤੂ ਮਾਰ ਲਏ ਹਨ। ਇਸ ਸਭ ਦਾ ਖਮਿਆਜ਼ਾ ਭੁਗਤ ਰਹੇ ਹਾਂ ਅਸੀਂ। ਕਦੀ ਖੇਤਾਂ ਵੱਲ ਚੱਕਰ ਮਾਰ ਕੇ ਵੇਖਿਓ ਦਰਖਤ ਦਿਸਦਾ ਹੀ ਨਹੀਂ ਕੋਈ। ਸੜਕਾਂ ਦੇ ਆਲੇ ਦੁਆਲੇ ਦੇ ਸਾਰੇ ਦਰਖਤ ਵੱਢ ਕੇ ਅਸੀਂ ਫੋਰ ਲੇਨ ਸੜਕਾਂ ਬਣਾ ਲਈਆਂ ਹਨ।

ਚਲੋ ਬਈ ਬਹੁਤ ਤਰੱਕੀ ਕਰ ਲਈ ਹੈ। ਸਾਡੀ ਜ਼ਿੰਦਗੀ ਬਹੁਤ ਸੁਖਾਲੀ ਹੋ ਗਈ ਹੈ। ਕੋਈ ਉਜੜੇ ਤਾਂ ਉਜੜੇ ਸਾਨੂੰ ਕੀ?

ਭੁਗਤੋ ਬਈ ਫਿਰ ਖਮਿਆਜ਼ਾ।

ਹੁਣ ਕੁਦਰਤ ਨੂੰ ਕੋਈ ਸ਼ਿਕਾਇਤ ਨਾ ਕਰੋ ਉਹ ਤਾਂ ਜਵਾਬ ਦੇ ਰਹੀ ਹੈ ਤੁਹਾਡੇ ਕੀਤੇ ਦਾ।

ਲੇਖਕ : ਹਰਪ੍ਰੀਤ ਕੌਰ ਸੰਧੂ।

# "ਬੁਰੀ ਸੰਗਤ ਕੋਲੇ ਵਾਂਗ ਹੁੰਦੀ ਹੈ ਜੋ ਗਰਮ ਹੋਵੇ ਤਾਂ ਹੱਥ ਸਾੜ ਦਿੰਦਾ ਹੈ ਅਤੇ ਠੰਢਾ ਹੋਵੇ ਤਾਂ ਹੱਥ ਕਾਲੇ ਕਰ ਦਿੰਦਾ



"ਬੁਰੀ ਸੰਗਤ ਕੋਲੇ ਵਾਂਗ ਹੁੰਦੀ ਹੈ ਜੋ ਗਰਮ ਹੋਵੇ ਤਾਂ ਹੱਥ ਸਾੜ ਦਿੰਦਾ ਹੈ ਅਤੇ ਠੰਢਾ ਹੋਵੇ ਤਾਂ ਹੱਥ ਕਾਲੇ ਕਰ ਦਿੰਦਾ ਹੈ" ਕਹਿਣ ਦਾ ਭਾਵ ਬੁਰੀ ਸੰਗਤ ਇਨਸਾਨ ਨੂੰ ਹਰ ਤਰ੍ਹਾਂ ਨਾਲ ਨੁਕਸਾਨ ਪਹੁੰਚਾਹੁੰਦੀ ਹੈ , ਜਿੰਨਾ ਹੋ ਸਕੇ ਬੱਚਿਆਂ ਨੂੰ ਬੁਰੀ ਸੰਗਤ ਤੋਂ ਬੱਚਣਾ ਚਾਹੀਦਾ ਹੈ ਅਤੇ ਮਾਪਿਆਂ ਦਾ ਫਰਜ਼ ਵੀ ਬਣਦਾ ਹੈ ਕਿ ਇਸ ਗੱਲ ਦਾ ਖਾਸ ਧਿਆਨ ਰੱਖਣ ਕਿ ਸਾਡਾ ਬੱਚਾ ਕਿਸਦੇ ਨਾਲ ਮਿਲਦਾ ਹੈ, ਕਿਸ ਦੇ ਨਾਲ ਬਾਹਰ ਘੁੰਮਦਾ ਫਿਰਦਾ ਹੈ, ਉਸਦੀ ਦੋਸਤੀ ਕਿੰਨਾਂ ਬੱਚਿਆਂ ਨਾਲ ਹੈ । ਪੜ੍ਹਨ ਵਾਲੇ ਅਤੇ ਮਾਤਾ ਪਿਤਾ ਦੇ ਆਗਿਆਕਾਰ ਬੱਚੇ ਬਹੁਤੀ ਅਵਾਰਾਗਰਦੀ ਨਹੀਂ ਕਰਦੇ ਫ਼ਿਰਦੇ ਅਤੇ ਇਹੋ ਜਿਹੇ ਬੱਚੇ ਆਪਣੇ ਦੋਸਤਾਂ ਨੂੰ ਵੀ ਆਪਣੇ ਵਰਗਾ ਬਣਨ ਲਈ ਪ੍ਰੇਰਿਤ ਕਰਦੇ ਹਨ ਅਤੇ ਇਸਤੋਂ ਉਲਟ ਜਿਹੜੇ ਬੱਚੇ ਆਪ ਗਲਤੀਆਂ ਕਰਦੇ ਹਨ ਪੜ੍ਹਨ ਤੋਂ ਮਨ ਚੁਰਾਉਂਦੇ ਹਨ ,ਮਾਪਿਆਂ ਨਾਲ ਝੂਠ ਬੋਲਦੇ ਹਨ ,ਸਕੂਲ ਤੋਂ ਗੈਰਹਾਜ਼ਰ ਰਹਿੰਦੇ ਹਨ ਉਹ ਆਪਣੇ ਦੋਸਤਾਂ ਨੂੰ ਕਿਵੇਂ ਚੰਗੀ ਸਲਾਹ ਦੇਣਗੇ ,ਓਹ ਆਪਣੀ ਸੰਗਤ ਵਿੱਚ ਆਉਣ ਵਾਲਿਆਂ ਨੂੰ ਗਲਤ ਦਿਸ਼ਾ ਦਿੰਦੇ ਹਨ ਅਤੇ ਉਹਨਾਂ ਨੂੰ ਵੀ ਕੰਮਚੋਰ ,ਨਿਕੰਮਾ ,ਵੇਹਲੜ ਅਤੇ ਮਾਪਿਆਂ ਤੋਂ ਬੇਮੁੱਖ ਬਣਾ ਦਿੰਦੇ ਹਨ, ਉਹਨਾਂ ਦੀ ਸੰਗਤ ਵਿੱਚ ਆਕੇ ਇੱਕ ਭੋਲਾ ਭਾਲਾ ਸ਼ਰੀਫ਼ ਬੱਚਾ ਵੀ ਗਲਤੀ ਕਰ ਬੈਠਦਾ ਹੈ। ਮੈਂ ਇਸੇ ਤਰਾਂ ਦੀ ਕਹਾਣੀ ਪੜ੍ਹੀ ਸੀ ਜਿਸ ਵਿੱਚ ਲੇਖਕ ਨੇ ਆਪਣੇ ਬਚਪਨ ਦੀ ਗੱਲ ਦੱਸੀ ਸੀ ਕਿ ਕਿਵੇਂ ਉਸਦਾ ਇੱਕ ਸਹਿਪਾਠੀ ਜੋ ਕਿ ਹਰ ਸਾਲ ਆਪਣੀ ਜਮਾਤ ਵਿੱਚੋਂ ਫੇਲ ਹੋ ਜਾਂਦਾ ਸੀ ਅਤੇ ਫਿਰ ਉਸੇ ਕਲਾਸ ਵਿੱਚ ਰਹਿ ਜਾਂਦਾ ਸੀ, ਉਹ ਲੇਖਕ ਤੋਂ ਉਮਰ ਵਿੱਚ ਵੀ ਵੱਡਾ ਸੀ ਅਤੇ ਕੱਦ ਕਾਠ ਵਿੱਚ ਵੀ ,ਉਸਦੇ ਕਹਿਣ ਤੇ ਓਹਨਾਂ ਨੇ ਇੱਕ ਅੰਨੇ ਵਿਅਕਤੀ ਦੀ ਦੁਕਾਨ ਤੋਂ ਠੰਡੇ ਦੀਆਂ ਬੋਤਲਾਂ ਚੋਰੀ ਕੀਤੀਆਂ ਅਤੇ ਪੀ ਕੇ ਖਾਲੀ ਹੋਈਆਂ ਬੋਤਲਾਂ , ਰੱਦੀ ਕਬਾੜ ਇਕੱਠਾ ਕਰਨ ਵਾਲੇ ਨੂੰ ਵੇਚ ਦਿੱਤੀਆਂ ਅਤੇ ਜਦੋਂ ਅੰਨ੍ਹੇ ਵਿਅਕਤੀ ਦੇ ਮੁੰਡੇ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਉਲ੍ਹਾਮਾਂ ਲੈਕੇ ਲੇਖਕ ਦੇ ਘਰ ਪਹੁੰਚਾ ਅਤੇ ਇਸਦੇ ਬਦਲੇ ਲੇਖਕ ਦੇ ਪਿਤਾ ਜੀ ਨੇ ਆਪਣੇ ਮੁੰਡੇ ਜਾਨੀ ਲੇਖਕ ਦੀ ਖੂਬ ਛਿੱਤਰ ਪਰੇਡ ਕੀਤੀ ਇਸਤੋਂ ਬਾਅਦ ਲੇਖਕ ਨੂੰ ਅਹਿਸਾਸ ਹੋਇਆ ਕਿ ਉਹ ਗਲਤ ਨਹੀਂ ਸੀ ਗਲਤ ਉਸਦੀ ਸੰਗਤ ਸੀ ਜਿਸਨੇ ਨਾ ਚਾਹੁੰਦੇ ਹੋਏ ਵੀ ਲੇਖਕ ਨੂੰ ਓਹ ਗਲਤ ਕੰਮ ਕਰਨ ਲਈ ਮਜਬੂਰ ਕੀਤਾ ਦੂਜੇ ਮੁੰਡੇ ਦੀ ਵੀ ਪਰੇਡ ਹੋਈ ਪਰ ਉਸਨੂੰ ਕੋਈ ਫ਼ਰਕ ਨਹੀਂ ਪਿਆ ,ਪਰ ਲੇਖਕ ਇੱਕ ਗਲਤੀ ਕਰਕੇ ਕੰਨਾਂ ਨੂੰ ਹੱਥ ਲਗਾ ਗਿਆ ,ਕਹਿਣ ਦਾ ਭਾਵ ਕਿ ਮਾੜੀ ਸੰਗਤ ਤੁਹਾਨੂੰ ਗਲਤ ਕਰਨ ਲਈ ਉਕਸਾਉਂਦੀ ਹੈ ਲੇਖਕ ਵਰਗੇ ਤੇ ਇੱਕ ਗਲਤੀ ਤੋਂ ਬਾਅਦ ਮੁੜ ਆਉਂਦੇ ਹਨ ਪਰ ਕਈ ਇਹੋ ਜਿਹੇ ਹੁੰਦੇ ਹਨ

ਜੋ ਕਿ ਇਸ ਦਲਦਲ ਵਿੱਚ ਅਜਿਹੇ ਫੱਸ ਜਾਂਦੇ ਹਨ ਕਿ ਮੁੜਕੇ ਬੁਰਾਈ ਵਿੱਚੋਂ ਨਿਕਲਣਾ ਮੁਸ਼ਕਿਲ ਹੋ ਜਾਂਦਾ ਹੈ ਸੋ ਮਾਪਿਆਂ ਅਤੇ ਬੱਚਿਆਂ ਦੋਵਾਂ ਦਾ ਚੁਕੰਨੇ ਰਹਿਣਾ ਜਰੂਰੀ ਹੈ ਤਾਂ ਕਿ ਇਹੋ ਜਿਹੀ ਬੁਰੀ ਸੰਗਤ ਦੇ ਅਸਰ ਤੋਂ ਬੱਚੇ ਬਚੇ ਰਹਿਣ, ਬਾਅਦ ਵਿੱਚ ਬੱਚਿਆਂ ਨੂੰ ਇਹੋ ਜਿਹੇ ਕੰਮਾਂ ਵਿੱਚੋਂ ਕੱਢਣਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ।

✍️ ਹਰਵਿੰਦਰ ਕੌਰ ਕਾਹਲੋਂ

# ਅੱਜ ਤੜਕੇ ਇੱਕ ਪੁਲਿਸ ਵਾਲੇ ਸਾਬ, ਫੋਨ ਕਰਕੇ ਖ਼ੁਦ ਕਹੀ ਜਾਣ ਤੁਸੀਂ Complaint ਕਿਓਂ ਨਹੀਂ ਕਰਦੇ?



ਅੱਜ ਤੜਕੇ ਇੱਕ ਪੁਲਿਸ ਵਾਲੇ ਸਾਬ, ਫੋਨ ਕਰਕੇ ਖ਼ੁਦ ਕਹੀ ਜਾਣ ਤੁਸੀਂ Complaint ਕਿਓਂ ਨਹੀਂ ਕਰਦੇ? ਕਿਸੇ ਦੀ ਫੇਰ ਹਿੰਮਤ ਨਹੀਂ ਪਵੇਗੀ ਤੁਹਾਨੂੰ ਇਸ ਹੱਦ ਤੱਕ ਕੁਝ ਕਹਿਣ ਦੀ। ਤਰਸ ਆਉਂਦਾ ਮੈਨੂੰ ਕਿ ਸਾਰੇ ਤੇ ਬਾਹਰਲੇ ਦੇਸ਼ਾਂ ਵਿੱਚ ਜਾਂ ਦੂਜੇ ਸ਼ਹਿਰਾਂ ਵਿੱਚ ਬੈਠ ਕੇ, ਗੱਲਾਂ ਨਾਲ ਹੀ ਮਾਰ ਮੁਕਾਉਣ ਵਾਲੇ ਮਹਿਕਮੇ ਚਲਾਉਂਦੇ ਹਨ, ਇੱਥੇ ਕਿਸੇ ਪਿੰਡ ਵਿੱਚ ਬੈਠੀ ਕਿਸੇ ਦੀ ਮਾਂ ਪ੍ਰੇਸ਼ਾਨ ਹੋਵੇਗੀ, ਕਿਸੇ ਦਾ ਭਰਾ, ਕਿਸੇ ਦਾ ਚਾਚਾ, ਕਿਸੇ ਦੀ ਦਾਦੀ ਤੇ ਕਿਸੇ ਦੀ ਭੈਣ।

ਮੈਨੂੰ ਬਹੁਤ ਦੁੱਖ ਲੱਗਦਾ ਜਦ ਮੇਰੇ ਪਿਤਾ ਬਾਰੇ, ਜੋ ਕਿ ਮਿਹਨਤ ਦੀ ਇਮਾਨਦਾਰੀ ਦੀ ਪਿੰਡ ਵਿੱਚ ਇੱਕ ਮਿਸਾਲ ਨੇ.. ਕੋਈ ਕੁਝ ਵੀ ਲਿਖਦਾ। ਕਿਰਤ ਕਰਨ ਵਾਲੇ ਦਾ ਕੋਈ ਮਜ਼ਾਕ ਬਣਾਉਂਦਾ। ਕਈ ਕਈ ਰਾਤਾਂ ਸੌਂ ਕੇ ਨਹੀਂ ਦੇਖਿਆ ਕਿ MBA ਵਿੱਚ ਪਹਿਲੇ ਦਰਜੇ ਤੇ ਆਉਣਾ .. ਜਬਰਦਸਤ ਨੌਕਰੀਆਂ ਜਿਸ ਵਿੱਚ ਮੈਂ ਪੰਜਾਬ, ਹਰਿਆਣਾ, ਹਿਮਾਚਲ ਅਤੇ ਚੰਡੀਗੜ੍ਹ ਦੀ ਹੈੱਡ ਰਹੀ Prima Gold / Prima Art ਵਿੱਚ, ਤੇ ਸਭ ਤੋਂ ਭੱਦੀ ਅਤੇ ਘਟੀਆ ਸ਼ਬਦਾਵਲੀ ਉਹਨਾਂ ਲੋਕਾਂ ਨਾਲ ਜੋੜ ਕੇ ਵਰਤ ਰਹੇ, ਜਿਹੜੇ ਸਫ਼ਰ ਵਿੱਚ ਮਿਲਦੇ ਗਏ। ਸੋਚਦੀ ਹਾਂ ਮੇਰੇ ਬਾਪ ਦਾ ਮਾਂ ਦਾ ਕਲੇਜਾ ਕਿਵੇਂ ਪਾਟਦਾ ਹੋਵੇਗਾ ਇਹ ਪੜ੍ਹ ਕੇ, ਪਰ ਆਪਣੇ ਬੱਚੇ ਨੂੰ ਫੇਰ ਵੀ ਹੌਸਲਾ ਦਿੰਦੇ। ਭਾਵੇਂ ਉਹ ਬਾਈ ਪਾਸ ਕਰਵਾ ਕੇ ਦਿਲ ਦੇ ਮਰੀਜ਼ ਨੇ, ਪਰ ਮੈਂ ਇਹ ਸਭ ਵਿੱਚ ਕਰ ਕੀ ਸਕਦੀ ਹਾਂ।

ਸਭ ਗਵਾਇਆ ਤੇ ਲੁਟਾਇਆ ਹੀ ਹੈ ਮੈਂ, ਹਰ ਕਿਸੇ ਲਈ ਚੰਗਾ ਸੋਚਣ ਵਾਲਾ ਜੀਵਨ ਬਿਤਾਇਆ ਹੈ, ਇਸਤੋਂ ਇਲਾਵਾ ਅੱਜ ਵੀ ਕੁੱਝ ਨਹੀਂ ਸੋਚਦੀ ਮੈਂ। ਮੈਨੂੰ ਰਤਾ ਵੀ ਆਪਣੇ ਆਪ ਤੇ ਨਿਰਾਸ਼ਾ ਨਹੀਂ.. ਪਰ ਅਣਜਾਣ ਲੋਕ, ਕਿਵੇਂ ਅਤੇ ਕਿਸਦੀ ਚੁੱਕਣਾ ਵਿੱਚ ਆ ਕੇ ਇਹ ਸਭ ਕਰ ਲੈਂਦੇ ਹਨ। ਬਹੁਤ ਹੈਰਾਨੀ ਦਾ ਵਿਸ਼ਾ ਹੈ ਮੇਰੇ ਲਈ।

ਦਫ਼ਤਰ ਮੇਰਾ ਟਾਂਗਰਾ ਵੀ ਹੈ, ਮੋਹਾਲੀ ਵੀ, ਹਿੰਮਤ ਕਰੋ ਮੇਰੇ ਸਾਹਮਣੇ ਬੈਠ ਕੇ ਗੱਲ ਕਰਨ ਦੀ।

ਮੈਂ ਤੇ ਪਹਿਲਾਂ ਹੀ ਬਹੁਤ ਕੁਝ ਬਿਨ੍ਹਾਂ ਕਸੂਰੋਂ ਸਹਿ ਚੁੱਕੀ ਹਾਂ ਅਤੇ ਸਹਿ ਰਹੀ ਹਾਂ, ਮੈਨੂੰ ਪੀੜ ਹੁੰਦੀ ਹੈ, ਤੁਸੀਂ ਮੇਰੇ ਪੈਰ ਕੁਚਲਦੇ ਹੋ... ਤੇ ਮੈਨੂੰ ਉੱਠਣ ਤੋਂ, ਤੁਰਨ ਤੋਂ ਅਤੇ ਜ਼ਿੰਦਗੀ ਜਿਊਣ ਤੋਂ ਵਰਜਦੇ ਹੋ। ਤੇ ਮੇਰਾ ਦਿਲ ਦਿਮਾਗ਼ ਇੰਝ ਦਾ ਹੈ ਪਤਾ ਹੁੰਦਿਆਂ ਵੀ ਕਿਸੇ ਦਾ ਬੁਰਾ ਕਰਨ ਬਾਰੇ ਸੋਚ ਨਹੀਂ ਪਾਉਂਦਾ। ਸ਼ਾਇਦ ਇਹੀ ਮੇਰੇ ਵਿੱਚ ਕਮੀ ਹੈ ਅਤੇ ਮੇਰੀ ਗਲਤੀ।

ਲੇਖਕ : ਮਨਦੀਪ ਕੌਰ ਟਾਂਗਰਾ।

ਲੇਖਕ ਆਪਣੀਆਂ ਰਚਨਾਵਾਂ ਇਸ ਨੰਬਰ ਤੇ ਭੇਜ ਸਕਦੇ ਹਨ
9815561022, 9463661542

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
9463661542, cee7news@gmail.com

# ਤੋਹਫ਼ਾ "ਓ ਭਾਗਵਾਨੇ, ਕੀ ਕਰਦੀ ਆਂ?"



ਜੀਤ ਦੀ ਆਵਾਜ਼ ਸੁਣ ਕੇ ਗੁਰੀ ਨੇ ਤੇਜ਼ੀ ਨਾਲ ਜਵਾਬ ਦਿੱਤਾ, "ਹਾਂਜੀ, ਮੈਂ ਰਸੋਈ ਵਿੱਚ ਹਾਂ। ਦੱਸੋ ਕੀ ਚਾਹੀਦਾ?"

"ਓ ਬਾਬਾ, ਮੈਨੂੰ ਕੁਝ ਨਹੀਂ ਚਾਹੀਦਾ। ਤੂੰ ਮੇਰੀ ਗੱਲ ਸੁਣ, ਇੱਧਰ ਆ!"

ਗੁਰੀ ਚਿੰਤਾ ਨਾਲ ਰਸੋਈ ਵਿੱਚ ਪੋਚਾ ਲਾਉਂਦੀ-ਲਾਉਂਦੀ ਵਿਚਕਾਰ ਹੀ ਛੱਡ ਆਈ। "ਕੀ ਹੋਇਆ ਭਲਾ? ਕੰਮ ਵੀ ਨਹੀਂ ਕਰਨ ਦਿੰਦੇ, ਸਿਖਰ ਦੁਪਹਿਰ ਹੋ ਗਈ ਹੈ!"

ਜੀਤ ਨੇ ਕਿਹਾ, "ਤੂੰ ਪਹਿਲਾਂ ਗੱਲ ਸੁਣ।"

"ਇਹ ਕੀ ਗੱਲ ਬਣੀ, ਕੰਮ ਮੇਰਾ ਛੁਡਵਾ ਦਿੱਤਾ ਤੇ ਹੁਣ ਕਹਿੰਦੇ ਹੋ 'ਤੂੰ ਦੱਸ'! ਹਾਕ ਤਾਂ ਤੁਸੀਂ ਮਾਰੀ ਸੀ।"

ਜੀਤ ਬੋਲਿਆ, "ਮੈਂ ਤਾਂ ਇਹ ਪੁੱਛਦਾ ਹਾਂ ਕਿ ਤੈਨੂੰ ਇਸ ਵਾਰ ਤੋਹਫ਼ਾ ਕੀ ਚਾਹੀਦਾ?"

"ਕਾਹਦਾ ਤੋਹਫ਼ਾ? ਕਿਹੜਾ ਤੋਹਫ਼ਾ? ਮੈਂ ਤਾਂ ਕੁਝ ਨਹੀਂ ਮੰਗਿਆ!"

"ਅੱਛਾ, ਤੈਨੂੰ ਯਾਦ ਨਹੀਂ ਕਿ ਪਰਸੋਂ ਕੀ ਹੈ?"

ਗੁਰੀ ਨੇ ਖਿਝ ਕੇ ਕਿਹਾ, "ਕੀ ਹੈ? ਮੈਨੂੰ ਕੰਮ ਕਰ ਲੈਣ ਦਿਓ, ਧੁੱਪ ਸਿਰ 'ਤੇ ਚੜ੍ਹ ਗਈ ਹੈ।"

"ਤੂੰ ਮੇਰੀ ਗੱਲ ਸੁਣਦੀ ਕਿਉਂ ਨਹੀਂ!" ਜੀਤ ਨੇ ਥੋੜ੍ਹਾ ਉੱਚੀ ਆਵਾਜ਼ ਵਿੱਚ ਕਿਹਾ।

ਗੁਰੀ ਬੋਲੀ, "ਜਦੋਂ ਮੈਨੂੰ ਪਤਾ ਹੀ ਨਹੀਂ ਕਿ ਕਾਹਦਾ ਤੋਹਫ਼ਾ ਹੈ, ਤਾਂ ਹੀ ਮੰਗੂੰਗੀ ਨਾ! ਨਾਲੇ ਤੋਹਫ਼ੇ ਮੰਗ ਕੇ ਨਹੀਂ ਲਏ ਜਾਂਦੇ, ਉਹ ਤਾਂ ਆਪੇ ਮਿਲਦੇ ਨੇ।"

ਜੀਤ ਨੇ ਸਮਝਾਇਆ, "ਮੈਂ ਤਾਂ ਤੇਰੀ ਸਲਾਹ ਲੈ ਰਿਹਾ ਸੀ ਕਿ ਤੇਰੇ ਜਨਮਦਿਨ 'ਤੇ ਕੀ ਲਿਆ ਕੇ ਦੇਵਾਂ?"

"ਲੈ ਦੱਸ! ਏਡੀ ਪੀਂਘ ਪਾਉਣ ਦੀ ਕੀ ਲੋੜ ਸੀ? ਫਿਰ ਮਜ਼ਦੂਰ ਦਿਵਸ 'ਤੇ ਕੀ ਮਿਲਦਾ ਹੈ?" ਹੱਸਦੀ ਹੋਈ ਗੁਰੀ ਫਿਰ ਪੋਚਾ ਲਾਉਣ ਚਲੀ ਗਈ।

ਜੀਤ ਪਿੱਛੋਂ ਬੋਲਿਆ, "ਪੱਕਾ ਦੱਸ, ਇਸ ਵਾਰ ਵਧੀਆ ਤੋਹਫ਼ਾ ਲੈ ਕੇ ਆਵਾਂਗਾ।"

ਗੁਰੀ ਨੇ ਅੰਦਰੋਂ ਹੀ ਜਵਾਬ ਦਿੱਤਾ, "ਨਾ, ਪਹਿਲਾਂ ਕਿਹੜਾ ਇੰਨੇ ਵਰ੍ਹਿਆਂ ਵਿੱਚ ਮੇਰੇ ਲਈ ਤੋਹਫ਼ੇ ਲਿਆ ਕੇ ਅਲਮਾਰੀਆਂ ਭਰ ਦਿੱਤੀਆਂ ਨੇ! ਮੈਨੂੰ ਨਹੀਂ ਚਾਹੀਦਾ ਕੋਈ ਤੋਹਫ਼ਾ, ਰੱਖੋ ਆਪਣਾ ਤੋਹਫ਼ਾ ਆਪਣੇ ਕੋਲ।"

ਇੰਨੇ ਨੂੰ ਉਨ੍ਹਾਂ ਦਾ ਪੁੱਤਰ ਜੋਤ ਬੋਲਿਆ, "ਮਾਂ, ਜੇ ਤੋਹਫ਼ਾ ਮਿਲ ਰਿਹਾ ਹੈ ਤਾਂ ਤੁਸੀਂ ਲੈ ਕਿਉਂ ਨਹੀਂ ਲੈਂਦੇ?"

"ਜੋਤ ਪੁੱਤ, ਤੂੰ ਚੁੱਪ ਕਰ। ਤੈਨੂੰ ਇਨ੍ਹਾਂ ਦਾ ਨਹੀਂ ਪਤਾ, ਬਾਅਦ ਵਿੱਚ ਸੁਣਾਈ ਜਾਣਗੇ ਕਿ ਇੰਨਾ ਮਹਿੰਗਾ ਤੋਹਫ਼ਾ ਲੈ ਲਿਆ। ਇਸ ਲਈ ਮੈਨੂੰ ਕੁਝ ਨਹੀਂ ਚਾਹੀਦਾ। ਨਾਲੇ ਹੌਲੀ ਬੋਲੋ, ਇੰਦਰ ਮਸਾਂ ਸੁੱਤਾ ਹੈ, ਉਹ ਉੱਠ ਜਾਵੇਗਾ। ਐਵੇਂ ਅੱਜ ਕਾਵਾਂ-ਰੌਲੀ ਪਾਈ ਹੋਈ ਹੈ।"

"ਓ ਬਾਬਾ, ਮੈਂ ਕੁਝ ਨਹੀਂ ਸੁਣਾਉਂਦਾ, ਤੂੰ ਬੱਸ ਦੱਸ ਦੇ ਕੀ ਚਾਹੀਦਾ?" ਜੀਤ ਆਪਣੀ ਗੱਲ 'ਤੇ ਅੜਿਆ ਰਿਹਾ।

ਜਦੋਂ ਜੀਤ ਪੁੱਛਣੋਂ ਨਾ ਹਟਿਆ ਤਾਂ ਗੁਰੀ ਬੋਲੀ, "ਅੱਛਾ ਠੀਕ ਹੈ, ਮੈਨੂੰ ਪੋਚਾ ਧੋ ਕੇ ਆਉਣ ਦਿਓ, ਫਿਰ ਪੱਖੇ ਦੀ ਹਵਾ ਥੱਲੇ ਬੈਠ ਕੇ ਦੱਸਦੀ ਹਾਂ ਕਿ ਕੀ ਚਾਹੀਦਾ।"

ਹੱਥ ਸਾਫ਼ ਕਰਨ ਤੋਂ ਬਾਅਦ ਤੌਲੀਏ ਨਾਲ ਹੱਥ ਸੁਕਾਉਂਦੀ ਹੋਈ ਗੁਰੀ ਆਈ ਤੇ ਕਹਿਣ ਲੱਗੀ, "ਮੈਨੂੰ ਨਾ ਉਸ ਦਿਨ, ਜਿਵੇਂ ਸਾਰੇ ਮਜ਼ਦੂਰਾਂ ਨੂੰ ਛੁੱਟੀ ਹੁੰਦੀ ਹੈ, ਬੱਸ ਉਵੇਂ ਹੀ ਸਾਰੇ ਕੰਮਾਂ ਤੋਂ ਛੁੱਟੀ ਚਾਹੀਦੀ ਹੈ। ਸਵੇਰੇ ਚਾਰ ਵਜੇ ਤੋਂ ਉੱਠ ਕੇ ਰਾਤ ਦੇ ਦਸ ਵਜੇ ਤੱਕ 'ਚੱਲੋ-ਚੱਲੀ' ਹੋਈ ਰਹਿੰਦੀ ਹੈ। ਬੱਸ ਇੱਕ ਦਿਨ ਆਰਾਮ ਮਿਲ ਜਾਵੇ।"

"ਹੈਂ! ਕਮਲੀਏ, ਇਹ ਵੀ ਕੋਈ ਤੋਹਫ਼ਾ ਹੋਇਆ?" ਜੀਤ ਹੱਸਦਾ ਹੋਇਆ ਬੋਲਿਆ, "ਮੈਂ ਆਪੇ ਹੀ ਕੁਝ ਲੈ ਆਵਾਂਗਾ, ਬੱਸ ਰਹਿਣ ਦੇ ਤੂੰ ਦੱਸਣ ਨੂੰ..."

"ਫਿਰ ਪੁੱਛਿਆ ਹੀ ਕਿਉਂ ਸੀ? ਮੇਰੇ ਕੋਲ ਸਭ ਕੁਝ ਹੈ, ਬੱਸ ਇੱਕ ਆਰਾਮ ਨਹੀਂ ਹੈ, ਜੋ ਮੈਨੂੰ ਤੋਹਫ਼ੇ ਵਿੱਚ ਚਾਹੀਦਾ ਹੈ। ਉਹ ਵੀ ਸਿਰਫ਼ ਇੱਕ ਦਿਨ ਦਾ," ਭਰੀਆਂ ਅੱਖਾਂ ਨਾਲ ਗੁਰੀ ਬੋਲੀ।

ਜੋਤ ਆਪਣੀ ਮਾਂ ਦੀ ਗੱਲ ਸੁਣ ਕੇ ਭਾਵੁਕ ਹੋ ਗਿਆ। ਉਸ ਨੇ ਮਾਂ ਨੂੰ ਜੱਫੀ ਪਾ ਲਈ ਤੇ ਕਿਹਾ, "ਮਾਂ, ਤੁਸੀਂ ਆਰਾਮ ਕਰ ਲੈਣਾ, ਉਸ ਦਿਨ ਘਰ ਦੇ ਸਾਰੇ ਕੰਮ ਮੈਂ ਕਰ ਲਵਾਂਗਾ।"

( ਚੱਲਦਾ )

ਗੁਰਜੀਤ ਕੌਰ ਰਾਣੂ.. ✍🏻

# ਦਿਲਜੀਤ ਦੋਸਾਂਝ ਅਮਰੀਕਾ ਵਿੱਚ ਆਪਣੇ ਔਰਾ ਵਰਲਡ ਟੂਰ ਸ਼ੋਅ ਦੌਰਾਨ ਗਰਮਖਿਆਲੀਆਂ 'ਤੇ ਭੜਕ ਗਏ




## | ਕੋਈ ਮਾਹੌਲ ਖ਼ਰਾਬ ਕਰਦਾ ਹੈ ਤਾਂ ਉਸ ਨੂੰ ਬਾਹਰ ਕੱਢਿਆ ਜਾਵੇਗਾ'

ਪੰਜਾਬੀ ਅਤੇ ਬਾਲੀਵੁੱਡ ਗਾਇਕ ਦਿਲਜੀਤ ਦੋਸਾਂਝ ਅਮਰੀਕਾ ਵਿੱਚ ਆਪਣੇ ਔਰਾ ਵਰਲਡ ਟੂਰ ਸ਼ੋਅ ਦੌਰਾਨ ਗਰਮਖਿਆਲੀਆਂ 'ਤੇ ਭੜਕ ਗਏ। ਦਿਲਜੀਤ ਨੇ ਪੋਸਟਰ ਦਿਖਾ ਰਹੇ ਗਰਮਖਿਆਲੀ ਸਮਰਥਕਾਂ ਨੂੰ ਸਟੇਜ ਤੋਂ ਜਵਾਬ ਦਿੱਤਾ। ਇਹ ਪਹਿਲੀ ਵਾਰ ਸੀ ਜਦੋਂ ਦਿਲਜੀਤ ਆਪਣੇ ਕਿਸੇ ਸ਼ੋਅ 'ਤੇ ਇੰਨੇ ਗੁੱਸੇ ਵਿੱਚ ਦਿਖਾਈ ਦਿੱਤੇ। ਦਿਲਜੀਤ ਨੇ ਸਿੱਧੂ ਮੂਸੇਵਾਲਾ ਵਾਲੇ ਅੰਦਾਜ਼ ਵਿਚ ਆਪਣੇ ਪੱਟ 'ਤੇ ਥੱਪੀ ਮਾਰਦੇ ਹੋਏ ਕਿਹਾ, "ਜੋ ਵੀ ਵਿਰੋਧ ਕਰਨਾ ਚਾਹੁੰਦਾ ਕਰ ਲਵੇ ਮੈਨੂੰ ਕੋਈ ਪਰਵਾਹ ਨਹੀਂ। ਮੈਂ ਉਨ੍ਹਾਂ ਨੂੰ ਚੁੱਕ ਕੇ ਬਾਹਰ ਸੁੱਟ ਦਿਆਂਗਾ।" ਉਸ ਨੇ ਕਿਹਾ ਕਿ ਮੈਂ ਜਿੱਥੇ ਵੀ ਜਾਂਦਾ ਪੰਜਾਬ ਦੀ ਗੱਲ ਕਰਦਾ ਹਾਂ ਅਸੀਂ ਪੰਜਾਬ ਦੇ ਹੜ੍ਹਾਂ ਦੌਰਾਨ ਲੋਕਾਂ ਦੀ ਮਦਦ ਕੀਤੀ। ਅਸੀਂ ਉਨ੍ਹਾਂ ਦੇ ਘਰ ਬਣਾਏ।"

ਸ਼ੋਅ (ਕੇਬੀਸੀ) ਦਾ ਨਾਮ ਲਏ ਬਿਨਾਂ, ਦਿਲਜੀਤ ਨੇ ਕਿਹਾ ਕਿ ਉਨ੍ਹਾਂ ਨੇ ਲੋਕਾਂ ਦੀ ਆਵਾਜ਼ ਰਾਸ਼ਟਰੀ ਮੀਡੀਆ ਤੱਕ ਪਹੁੰਚਾਈ। ਉਹ ਉਸ ਸ਼ੋਅ 'ਤੇ ਆਪਣੇ ਆਪ ਨੂੰ ਜਾਂ ਆਪਣੀ ਫਿਲਮ ਨੂੰ ਪ੍ਰਮੋਟ ਕਰਨ ਲਈ ਨਹੀਂ, ਸਗੋਂ ਪੰਜਾਬ ਦੀ ਭਲਾਈ ਲਈ ਫੰਡ ਇਕੱਠਾ ਕਰਨ ਲਈ ਗਿਆ ਸੀ। ਇਹ ਧਿਆਨ ਦੇਣ ਯੋਗ ਹੈ ਕਿ ਦਿਲਜੀਤ ਇਸ ਸਮੇਂ ਅਮਰੀਕਾ ਦੇ ਦੌਰੇ 'ਤੇ ਹੈ। ਉਸ ਨੇ ਜਿੰਮੀ ਦੇ ਸ਼ੋਅ ਦਾ ਵੀ ਜ਼ਿਕਰ ਕਰਦੇ ਹੋਏ ਕਿਹਾ, "ਮੈਨੂੰ ਇੱਥੇ ਜਿੰਮੀ ਦੇ ਸ਼ੋਅ ਵਿੱਚ ਜਾਣ ਦੀ ਕੀ ਲੋੜ ਸੀ? ਮੈਂ ਉੱਥੇ ਵੀ ਪੰਜਾਬ ਬਾਰੇ ਗੱਲ ਕੀਤੀ ਸੀ। ਮੈਂ ਕਾਮਾਗਾਟਾਮਾਰੂ ਘਟਨਾ ਦਾ ਜ਼ਿਕਰ ਕੀਤਾ।"

30 ਅਪ੍ਰੈਲ ਨੂੰ ਸ਼ੋਅ ਦੌਰਾਨ, ਦਿਲਜੀਤ ਨੇ ਕਿਹਾ ਕਿ ਉਹ ਹਮੇਸ਼ਾ ਹਰ ਪਲੇਟਫਾਰਮ 'ਤੇ ਪੰਜਾਬ ਬਾਰੇ ਬੋਲਦਾ ਹੈ। ਉਹ ਟੀਵੀ ਚੈਨਲਾਂ 'ਤੇ ਆਪਣੀਆਂ ਕਿਸੇ ਵੀ ਫਿਲਮ ਜਾਂ ਗੀਤ ਦਾ ਪ੍ਰਚਾਰ ਕਰਨ ਲਈ ਨਹੀਂ ਗਿਆ, ਸਗੋਂ ਸਿਰਫ ਪੰਜਾਬ ਦੇ ਮੁੱਦਿਆਂ ਨੂੰ ਉਠਾਉਣ ਲਈ ਗਿਆ। ਦਿਲਜੀਤ ਨੇ ਦੱਸਿਆ ਕਿ ਉਸ ਨੇ ਹੜ੍ਹ ਪੀੜਤਾਂ ਦੀ ਮਦਦ ਕਰਨ ਲਈ ਛੇ ਮਹੀਨੇ ਜ਼ਮੀਨ 'ਤੇ ਬਿਤਾਏ ਅਤੇ ਇਸ ਲਈ ਆਪਣਾ ਆਸਟ੍ਰੇਲੀਆ ਦੌਰਾ ਵੀ ਰੱਦ ਕੀਤਾ।

ਦਿਲਜੀਤ ਨੇ ਜ਼ੋਰਦਾਰ ਢੰਗ ਨਾਲ ਕਿਹਾ ਕਿ ਜੇਕਰ ਕੋਈ ਪੰਜਾਬ ਕਰਕੇ ਵਿਰੋਧ ਕਰਨਾ ਚਾਹੁੰਦਾ ਤਾਂ ਕਰ ਸਕਦਾ। ਉਸ ਨੂੰ ਕੋਈ ਫ਼ਰਕ ਨਹੀਂ ਪੈਂਦਾ। ਉਸ ਨੇ ਇਹ ਵੀ ਸਪੱਸ਼ਟ ਕੀਤਾ ਕਿ ਉਸ ਦੇ ਸੰਗੀਤ ਸਮਾਰੋਹਾਂ ਵਿੱਚ ਬਜ਼ੁਰਗ ਅਤੇ ਬੱਚੇ ਦੋਵੇਂ ਆਏ ਹਨ। ਜੇਕਰ ਕੋਈ ਮਾਹੌਲ ਖ਼ਰਾਬ ਕਰਦਾ ਹੈ ਜਾਂ ਹੰਗਾਮਾ ਕਰਦਾ ਹੈ, ਤਾਂ ਉਸ ਨੂੰ ਤੁਰੰਤ ਬਾਹਰ ਕੱਢ ਦਿੱਤਾ ਜਾਵੇਗਾ। ਮੈਂ ਸ਼ੋਅ 'ਤੇ ਕਿਸੇ ਵੀ ਵਿਰੋਧ ਪ੍ਰਦਰਸ਼ਨ ਨੂੰ ਬਰਦਾਸ਼ਤ ਨਹੀਂ ਕਰਾਂਗਾ।

# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਯੋਨ ਬਾਬਾ ਅਦਲੀ ਵੱਲੋਂ ਪਿੰਡ ਬ੍ਰਮਹਪੁਰਾ ਵਿਖੇ ਨਵੀਂ ਕਮੇਟੀ ਗਠਿਤ ।



**ਚੋਹਲਾ ਸਾਹਿਬ 2 ਮਈ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਕਿਸਾਨ ਮਜਦੂਰ ਸੰਘਰਸ਼ ਕਮੇਟੀ ਪੰਜਾਬ ਦੇ ਯੋਨ ਬਾਬਾ ਅਦਲੀ ਜੀ ਦੇ ਪਿੰਡ ਬ੍ਰਹਮਪੁਰਾ ਵਿਖੇ ਵਿਸ਼ੇਸ਼ ਤੌਰ ਤੇ ਜਿਲ੍ਹਾ ਆਗੂ ਬਲਵਿਦੰਰ ਸਿੰਘ ਚੋਹਲਾ ਸਾਹਿਬ ਯੋਨ ਖਜਾਨਚੀ ਹਰਜਿੰਦਰ ਸਿੰਘ ਚੰਗਾ ਯੋਨ ਸਕੱਤਰ ,ਬਲਦੇਵ ਸਿੰਘ ਮੁੰਡਾ ਪਿੰਡ ਯੋਨ ਆਗੂ ਰਣਜੀਤ ਸਿੰਘ ਧੁੰਨ ਨਿਰਵੈਰ [illegible]ਸੰਘ ਧੁੰਨ ਮਨਜੀਤ ਸਿੰਘ ਯੋਨ ਪ੍ਰਧਾਨ ਨਰਿੰਦਰ ਸਿੰਘ ਪੱਖੋਪੁਰ ਵਿਸ਼ੇਸ਼ ਤੌਰ ਤੇ ਪਿੰਡ ਬ੍ਰਮਹਪੁਰਾ ਪਹੁੰਚ ਕੇ 21 ਮੈਂਬਰੀ ਕਮੇਟੀ ਗਠਿਤ ਕਰਕੇ ਕਮੇਟੀ ਪ੍ਰਧਾਨ ਨਿਸ਼ਾਨ ਸਿੰਘ ਬ੍ਰਮਹਪੁਰਾ ਨੂੰ ਕਮੇਟੀ ਪ੍ਰਧਾਨ ਬਣਾਇਆ ਗਿਆ ਆਗੂਆਂ ਵੱਲੋਂ ਆਪਣੇ ਭਾਸ਼ਨ ਵਿੱਚ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਸਖਤ ਝਾੜਨਾ ਕੀਤੀ ਗਈ ਕਿ ਮਜਦੂਰ ਕਿਸਾਨ ਦਾ ਜ਼ੋ ਸੰਭੂ ਯਾਤਰਾ ਤੇ ਜ਼ੋ ਸਮਾਨ ਚੋਰੀ ਹੋਇਆ ਹੈ ਸਰਕਾਰ ਜਲਦੀ ਤੋਂ ਜਲਦੀ ਉਸ ਦੀ ਭਰਵਾਈ ਕਰੇ ਜੇਕਰ ਸਰਕਾਰ ਨੇ ਇਹਲਾਂ ਮੁੱਦਿਆਂ ਤੇ ਢਿੱਲ ਮੱਠ ਕੀਤੀ ਤਾਂ ਜਲਦੀ ਤਕੜਾ ਸੰਘਰਸ਼ ਵਿੱਢਿਆ ਜਾਵੇਗਾ ਜਿਸਦੀ ਨਿਰੋਲ ਜਿੰਮੇਵਾਰੀ ਕੇਂਦਰ ਅਤੇ ਪੰਜਾਬ ਸਰਕਾਰ ਦੀ ਹੋਵੇਗੀ।ਇਸ ਸਮੇਂ ਗੁਰਮੁੱਖ ਸਿੰਘ,ਜਗਰੂਪ ਸਿੰਘ,ਗੁਰਮੀਤ ਸਿੰਘ,ਰਣਜੀਤ ਸਿੰਘ,ਹਰਭਜਨ ਸਿੰਘ,ਸਰਮੇਲ ਸਿੰਘ ਆਦਿ ਹਾਜਰ ਸਨ।

# ਮਜ਼ਦੂਰ ਦਿਵਸ ਨੂੰ ਸਮਰਪਿਤ ਇੰਡਕ ਆਰਟਸ ਵੈਲਫੇਅਰ ਕੌਂਸਲ ਦਾ ਦੂਜਾ ਸਾਹਿਤਕ ਤੇ ਰਾਸ਼ਨ ਵੰਡ ਸਮਾਗਮ ਯਾਦਗਾਰੀ ਹੋ ਨਿਬੜਿਆ :ਜਸਵੀਰ ਸ਼ਰਮਾ ਦੱਦਾਹੂਰ











**ਹਰ ਮਹੀਨੇ ਲੋੜਵੰਦਾਂ ਲਈ ਰਾਸ਼ਨ ਵੰਡ ਸਮਾਰੋਹ ਕਰਵਾਇਆ ਜਾਵੇਗਾ - ਪ੍ਰੋ ਭੋਲਾ ਯਮਲਾ |**

ਸ੍ਰੀ ਮੁਕਤਸਰ ਸਾਹਿਬ (ਪੱਤਰ ਪ੍ਰੇਰਕ ) ਕਲਾ, ਸਾਹਿਤ ਅਤੇ ਸੱਭਿਆਚਾਰ ਦੇ ਪ੍ਰਚਾਰ-ਪ੍ਰਸਾਰ ਅਤੇ ਸਮਾਜ ਭਲਾਈ ਲਈ ਵਚਨਬੱਧ ਦੇਸ਼ ਦੀ ਪ੍ਰਮੁੱਖ ਸੰਸਥਾ ਇੰਡਕ ਆਰਟਸ ਵੈਲਫੇਅਰ ਕੌਂਸਲ ਵੱਲੋਂ ਮਜ਼ਦੂਰ ਦਿਵਸ ਨੂੰ ਸਮਰਪਿਤ ਇੱਕ ਵਿਸ਼ਾਲ ਸਾਹਿਤਕ ਤੇ ਰਾਸ਼ਨ ਵੰਡ ਸਮਾਗਮ ਬਾਬਾ ਸੋਨੀ ਸੇਵਾ ਆਸ਼ਰਮ, ਨੇੜੇ ਸਿਵਲ ਹਸਪਤਾਲ ਸ੍ਰੀ ਮੁਕਤਸਰ ਸਾਹਿਬ ਵਿਖੇ ਸੰਸਥਾ ਦੇ ਬਾਨੀ ਚੇਅਰਮੈਨ ਪ੍ਰੋਫੈਸਰ ਬਾਈ ਭੋਲਾ ਯਮਲਾ ਜੀ ਦੀ ਯੋਗ ਅਗਵਾਈ ਹੇਠ ਕਰਵਾਇਆ ਗਿਆ। ਉੱਘੇ ਸਮਾਜ ਸੇਵੀ ਬਾਬਾ ਗੁਰਪ੍ਰੀਤ ਸਿੰਘ ਸੋਨੀ ਬਤੌਰ ਮੁੱਖ ਮਹਿਮਾਨ ਹਾਜ਼ਰ ਹੋਏ ਜਦਕਿ ਸਮਾਗਮ ਦੀ ਪ੍ਰਧਾਨਗੀ ਮੰਡਲ ਵਿੱਚ ਪੂਨਮ ਸੋਨੀ, ਭਿੰਦਰਜੀਤ ਕੌਰ ਰੁਪਾਣਾ, ਸੁਰਿੰਦਰ ਪਾਲ ਸਿੰਘ ਸ਼ਰਮਾਂ , ਪਲਵਿੰਦਰ ਸਿੰਘ ਪੱਪਾ ਕੰਗ, ਅਜੈਬ ਸਿੰਘ ਰੁਪਾਣਾ ਹੋਰਾਂ ਨੇ ਸਿਰਕਤ ਕੀੜੀ।

ਇਸ ਮੌਕੇ ਜਸਵੀਰ ਸ਼ਰਮਾ ਦੱਦਾਹੂਰ (ਪ੍ਰਧਾਨ ਸਾਹਿਤ ਅਤੇ ਭਾਸ਼ਾ ਸੈੱਲ) ਮਾਸਟਰ ਅਜੈਬ ਸਿੰਘ ਰੁਪਾਣਾ (ਪ੍ਰਧਾਨ ਕਲਾ ਤੇ ਸੱਭਿਆਚਾਰ) ਜੰਗ ਸਿੰਘ ਦਰਦੀ, ਜਿਲ੍ਹਾ ਕਨਵੀਨਰ ਚਮਕੌਰ ਸਿੰਘ ਥਾਂਦੇਵਾਲਾ, ਉਪਕਾਰ ਸਿੰਘ ਉਪ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ , ਚਰਨਜੀਤ ਸਿੰਘ ਬਲਾਕ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ , ਹੈਪੀ ਰਾਜਪਾਲ ਕੋਟ ਭਾਈ, ਸ਼ੀਤਲ ਮਰਜਾਣਾ, ਜਸਕਰਨ ਮੱਤਾ, ਜਸਵੀਰ ਫੀਰਾ, ਬਲਕਾਰ ਸਿੰਘ( ਗੋਗੀ ਸਾਹਿਬ ਕਾਤਲ) ਰਾਜਵੀਰ ਮੱਤਾ, ਸੁਖਵਿੰਦਰ ਕੌਰ ਸੁੱਖ ਸੰਧੂ, ਮੁਖਵਿੰਦਰ ਸਿੰਘ ਡੱਬਵਾਲੀ, ਅਮਰਜੀਤ ਕੌਰ ਨੀਰ, ਜੱਜ ਮਸ਼ਹੂਰ ਮਸਾਜਰ, ਸੁਰਜੀਤ ਸਿੰਘ ਧੀਮਾਨ, ਲਾਭ ਸਿੰਘ ਡੋਡ, ਮਾਹੀ ਮਰਜਾਣਾ ਗਿੱਦੜਬਾਹਾ, ਗੁਰਤੇਜ ਸਿੰਘ ਬੱਲ, ਬੋਹੜ ਸਿੰਘ ਹੋਰਾਂ ਨੇ ਆਪਣੀਆਂ ਕਵਿਤਾਵਾਂ ਪੇਸ਼ ਕਰਕੇ ਖੂਬ ਰੰਗ ਬੰਨਿਆ।

ਇਸ ਮੌਕੇ ਸਵ. ਪੱਤਰਕਾਰ ਸੁਰਿੰਦਰ ਸਿੰਘ ਚੱਠਾ ਅਤੇ ਗਾਇਕ ਪਾਲੀ ਦੇਤਵਾਲੀਆ ਦੇ ਬੇਟੇ ਦੀ ਅਚਾਨਕ ਹੋਈ ਮੌਤ ਉੱਤੇ ਅਫਸੋਸ ਪ੍ਰਗਟ ਕਰਦਿਆਂ ਦੋ ਮੌਨ ਦਾ ਰੱਖ ਕੇ ਉਹਨਾਂ ਪ੍ਰਤੀ ਅਰਦਾਸ ਕੀਤੀ ਗਈ, ਇਸ ਮੌਕੇ ਲੋੜਵੰਦ ਸਾਹਿਤਕਾਰਾਂ ਨੂੰ ਰਾਸ਼ਨ ਅਤੇ ਨਗਦ ਸਹਾਇਤਾ ਦਿੱਤੀ ਗਈ ਅਤੇ ਪਿਛਲੇ ਪ੍ਰੋਗਰਾਮ ਤੇ ਨਾ ਪਹੁੰਚ ਸਕਣ ਕਰਕੇ ਟੀਮ ਦੇ ਰਹਿੰਦੇ ਦੋਸਤਾਂ ਨੂੰ ਸਰਟੀਫਿਕੇਟ ਤੇ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਸੰਸਥਾ ਦੇ ਚੇਅਰਮੈਨ ਪ੍ਰੋਫੈਸਰ ਬਾਈ ਭੋਲਾ ਯਮਲਾ ਨੇ ਕਿਹਾ ਕਿ ਹਰ ਮਹੀਨੇ ਹੋਣ ਵਾਲੇ ਇਸ ਪ੍ਰੋਗਰਾਮ ਵਿੱਚ ਲੋੜਵੰਦਾਂ ਨੂੰ ਰਾਸ਼ਨ ਅਤੇ ਹੋਰ ਸਹਾਇਤਾ ਪ੍ਰਦਾਨ ਕੀਤੀ ਜਾਇਆ ਕਰੇਗੀ। ਉਹਨਾਂ ਕਿਹਾ ਕਿ ਸੰਸਥਾ ਸਮਾਜ ਭਲਾਈ ਲਈ ਪੂਰੀ ਤਰ੍ਹਾਂ ਯਤਨਸ਼ੀਲ ਹੈ। ਬਾਬਾ ਗੁਰਪ੍ਰੀਤ ਸਿੰਘ ਸੋਨੀ ਹੋਰਾਂ ਨੇ ਆਪਣੇ ਸੰਬੋਧਨ ਰਾਹੀਂ ਸੰਸਥਾ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਹਰ ਸਹਿਯੋਗ ਦੇਣ ਦਾ ਵਿਸ਼ਵਾਸ ਦਵਾਇਆ,ਉਨ੍ਹਾਂ ਕਿਹਾ ਕਿ ਮਜ਼ਦੂਰ ਦਿਵਸ ਵਰਗੇ ਮਹੱਤਵਪੂਰਨ ਦਿਨ ‘ਤੇ ਇਸ ਤਰ੍ਹਾਂ ਦਾ ਸਮਾਗਮ ਕਰਵਾਉਣਾ ਮਜ਼ਦੂਰ ਵਰਗ ਦੀ ਮਹੱਤਤਾ ਨੂੰ ਸਲਾਮ ਕਰਨ ਦੇ ਨਾਲ-ਨਾਲ ਸੱਭਿਆਚਾਰਕ ਜਾਗਰੂਕਤਾ ਨੂੰ ਵੀ ਮਜ਼ਬੂਤ ਕਰਨਾ ਹੈ।

ਇਸ ਮੌਕੇ ਸੰਸਥਾ ਦੇ ਜਨਰਲ ਸਕੱਤਰ ਰਿਦਮਜੀਤ, ਸੁਰਜੀਤ ਸਿੰਘ ਧੀਮਾਨ, ਜੀਵਨ ਕੌਰ, ਬਿਮਲਾ ਦੇਵੀ, ਪਰਮਿੰਦਰ ਸਿੰਘ, ਕ੍ਰਿਸ਼ਨ ਸਿੰਘ ਸੋਨੀ,ਅਰਜਨ ਸਿੰਘ ਸੋਨੀ ਸਮੇਤ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ ਮੰਚ ਸੰਚਾਲਨ ਦੀ ਭੂਮਿਕਾ ਜਸਵੀਰ ਸ਼ਰਮਾ ਦੱਦਾਹੂਰ ਹੋਰਾਂ ਨੇ ਬਾਖੂਬੀ ਨਿਭਾਈ, ਗੁਰੂ ਕਾ ਲੰਗਰ ਅਤੁੱਟ ਵਰਤਿਆ।

